Designer & Customized
WEDDING
CARDS & BOXES
Shagun Envelopes & Saha Chithi
More Than 500 Designs
of Wedding Cards & Boxes
More info Call us or Whatsapp:
+91-988881 88887, 988882 88887
weddingsea@gmail.com
seadesigncompany
SEA DESIGN COMPANY

ਰੋਜ਼ਾਨਾ
# ਸ਼ਹੀਦ-ਏ-ਆਜ਼ਮ
SHAHEED-E-AZAM, DAILY PUNJABI NEWSPAPER, PATIALA
ਰੋਜ਼ਾਨਾ ਪੰਜਾਬੀ ਅਖ਼ਬਾਰ, ਪਟਿਆਲਾ

Shaheed-e-Azam
PRINTING PRESS
Customized and Designer
- Wedding Invitations
- Wedding Boxes
(MDF/Acrylic/Folding)
- Shagan Envelop
- Sahi Chithi
98881-88887

PRGI (RNI) Regd. No. 42354 | Website : www.shaheedeazamnews.com | e-mail:seanewspatiala@gmail.com | Tel.: 0175-5124275, 9814632807 | Facebook: ShaheedeAzamnews | Youtube: @ShaheedeAzamnews

Year: 43 Issue : 47 Chief Editor : Chowdhary Prabhjit Singh, Editor : Chhatarpal Singh 98146-32807, Saturday 1 August 2026 Price : 2 Rs. Page : 6

## ਆਪ ਸਰਕਾਰ ਦੇਸ਼ ਲਈ ਮਹਾਨ ਕੁਰਬਾਨੀਆਂ ਦੇਣ ਵਾਲੇ ਆਜ਼ਾਦੀ ਘੁਲਾਟੀਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ: ਭਗਵੰਤ ਸਿੰਘ ਮਾਨ

**ਸੁਨਾਮ, 31 ਜੁਲਾਈ**
**-ਜਗਦੇਵ ਰੰਚਨਾਂ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਆਮ ਆਦਮੀ ਪਾਰਟੀ (ਆਪ) ਸਰਕਾਰ ਦੀ ਉਸ ਦ੍ਰਿੜ੍ਹ ਵਚਨਬੱਧਤਾ ਨੂੰ ਦੁਹਰਾਇਆ, ਜਿਸ ਤਹਿਤ ਦੇਸ਼ ਨੂੰ ਬ੍ਰਿਟਿਸ਼ ਸਾਮਰਾਜਵਾਦ ਦੇ ਜੂਲੇ ਤੋਂ ਆਜ਼ਾਦ ਕਰਵਾਉਣ ਲਈ ਮਹਾਨ ਕੁਰਬਾਨੀਆਂ ਦੇਣ ਵਾਲੇ ਦੇਸ਼ ਭਗਤਾਂ ਦੇ ਸੁਪਨਿਆਂ ਨੂੰ ਸਾਕਾਰ ਕੀਤਾ ਜਾ ਰਿਹਾ ਹੈ। ਸੁਨਾਮ ਵਿਖੇ ਸ਼ਹੀਦ ਊਧਮ ਸਿੰਘ ਦੇ 87ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਰਾਜ ਪੱਧਰੀ ਸਮਾਗਮ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਇਸ ਮਹਾਨ ਇਨਕਲਾਬੀ ਦੀ ਲਾਮਿਸਾਲ ਦੇਸ਼ ਭਗਤੀ ਅਤੇ ਅਦੁੱਤੀ ਕੁਰਬਾਨੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਿਸ਼ਕਾਮ ਭਾਵਨਾ ਨਾਲ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਤ ਕਰਦੀ ਰਹੇਗੀ ਅਤੇ ਦੇਸ਼ ਇਸ ਮਹਾਨ ਸ਼ਹੀਦ ਦਾ ਹਮੇਸ਼ਾ ਰਿਣੀ ਰਹੇਗਾ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਸ਼ਹੀਦ ਊਧਮ ਸਿੰਘ ਦੀ ਯਾਦਗਾਰ 'ਤੇ ਫੁੱਲ ਮਾਲਾਵਾਂ ਭੇਟ ਕਰਕੇ ਸ਼ਰਧਾਂਜਲੀ ਦਿੱਤੀ।



ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਕਸ 'ਤੇ ਲਿਖਿਆ, ਜਲ੍ਹਿਆਂਵਾਲਾ ਬਾਗ ਸਾਕੇ ਦਾ ਬਦਲਾ ਲੈਣ ਵਾਲੇ ਮਹਾਨ ਇਨਕਲਾਬੀ ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਹਾੜੇ 'ਤੇ ਮੈਂ ਉਨ੍ਹਾਂ ਨੂੰ ਕੋਟਿ-ਕੋਟਿ ਪ੍ਰਣਾਮ ਕਰਦਾ ਹਾਂ। ਦੇਸ਼ ਦੀ ਆਨ ਅਤੇ ਸ਼ਾਨ ਲਈ ਉਨ੍ਹਾਂ ਦੀ ਅਦੁੱਤੀ ਕੁਰਬਾਨੀ ਸਾਡੇ ਸਾਰਿਆਂ ਲਈ ਹਮੇਸ਼ਾ ਪ੍ਰੇਰਨਾ ਦਾ ਸਰੋਤ ਬਣੀ ਰਹੇਗੀ। ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸ਼ਹੀਦ ਊਧਮ ਸਿੰਘ ਜੀ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀ ਜਾਨ ਨਿਛਾਵਰ ਕੀਤੀ। ਇਸ ਮਹਾਨ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕਰਨ ਵਾਲੇ ਇਸ ਪਵਿੱਤਰ ਮੌਕੇ ਦਾ ਹਿੱਸਾ ਬਣਨਾ ਮੇਰੇ ਲਈ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ। ਭਾਰਤ ਦੇ ਸੁਤੰਤਰਤਾ ਸੰਗਰਾਮ ਵਿੱਚ ਦੇਸ਼ ਦੇ ਅਣਗਿਣਤ ਸੂਰਬੀਰ ਧੀਆਂ-ਪੁੱਤਾਂ ਨੇ ਆਪਣੀਆਂ ਜਾਨਾਂ ਵਾਰੀਆਂ ਤਾਂ ਜੋ ਦੇਸ਼ ਨੂੰ ਆਜ਼ਾਦ ਕਰਵਾ ਕੇ ਕਮਜ਼ੋਰ ਅਤੇ ਪਛੜੇ ਵਰਗਾਂ ਦੀ ਭਲਾਈ ਲਈ ਬਰਾਬਰੀ ਵਾਲੇ ਸਮਾਜ ਦੀ ਨੀਂਹ ਰੱਖੀ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ, ਅੱਜ ਅਸੀਂ ਇੱਥੇ ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਹਾੜੇ 'ਤੇ ਇਸ ਮਹਾਨ ਦੇਸ਼ ਭਗਤ ਪ੍ਰਤੀ ਆਪਣਾ ਅਥਾਹ ਸਤਿਕਾਰ ਪ੍ਰਗਟ ਕਰਨ ਲਈ ਇਕੱਠੇ ਹੋਏ ਹਾਂ। ਉਨ੍ਹਾਂ ਨੇ ਤਤਕਾਲੀ ਬ੍ਰਿਟਿਸ਼ ਹਕੂਮਤ ਵੱਲੋਂ ਜਲ੍ਹਿਆਂਵਾਲਾ ਬਾਗ ਵਿਖੇ ਕੀਤੇ ਗਏ ਕਤਲੇਆਮ ਦਾ ਬਦਲਾ ਲਿਆ, ਜਿੱਥੇ ਪੰਜਾਬ ਦੇ ਤਤਕਾਲੀ ਲੈਫਟੀਨੈਂਟ ਗਵਰਨਰ ਮਾਈਕਲ ਓ'ਡਵਾਇਰ ਦੇ ਆਦੇਸ਼ਾਂ ਉੱਤੇ ਸੈਂਕੜੇ ਨਿਹੱਥੇ ਅਤੇ ਨਿਰਦੋਸ਼ ਭਾਰਤੀਆਂ ਨੂੰ ਬੇਰਹਿਮੀ ਨਾਲ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਸ਼ਹੀਦ ਊਧਮ ਸਿੰਘ ਨੇ ਲੰਡਨ ਦੇ ਕੈਕਸਟਨ ਹਾਲ ਵਿਖੇ ਮਾਈਕਲ ਓ'ਡਵਾਇਰ ਨੂੰ ਉਸ ਦੇ ਕੀਤੇ ਦੀ ਸਜ਼ਾ ਦੇ ਕੇ ਇਨਸਾਫ਼ ਯਕੀਨੀ ਬਣਾਇਆ ਸੀ। ਇੱਥੇ ਸਟੇਡੀਅਮ ਸਥਿਤ ਊਧਮ ਸਿੰਘ ਯਾਦਗਾਰ 'ਤੇ ਸ਼ਹੀਦ ਨੂੰ ਭਾਵਪੂਰਤ ਸ਼ਰਧਾਂਜਲੀਆਂ ਭੇਟ ਕਰਦਿਆਂ ਮੁੱਖ ਮੰਤਰੀ ਨੇ ਮਹਾਨ ਸ਼ਹੀਦ ਦੇ ਸਤਿਕਾਰ ਵਿੱਚ ਫੁੱਲਮਾਲਾ ਭੇਟ ਕੀਤੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਇਹ ਇੱਕ ਪਵਿੱਤਰ ਧਰਤੀ ਹੈ, ਜਿੱਥੇ ਦੇਸ਼-ਵਿਦੇਸ਼ ਤੋਂ ਲੋਕ ਸ਼ਹੀਦ ਊਧਮ ਸਿੰਘ ਜੀ ਦੇ ਅਦੁੱਤੀ ਜੀਵਨ ਤੋਂ ਪ੍ਰੇਰਨਾ ਲੈਣ ਅਤੇ ਸ਼ਰਧਾਂਜਲੀ ਭੇਟ ਕਰਨ ਆਉਂਦੇ ਹਨ। ਧਰਤੀ ਮਾਂ ਦੇ ਇਸ ਸੱਚੇ ਸਪੂਤ ਨੇ ਜਲ੍ਹਿਆਂਵਾਲਾ ਬਾਗ਼ ਕਤਲੇਆਮ ਦੇ ਮੁੱਖ ਦੋਸ਼ੀ ਮਾਈਕਲ ਓ'ਡਵਾਇਰ ਦਾ ਖ਼ਾਤਮਾ ਕਰ ਕੇ ਬੇਮਿਸਾਲ ਦਲੇਰੀ ਦਾ ਸਬੂਤ ਦਿੱਤਾ ਸੀ।

ਉਨ੍ਹਾਂ ਅੱਗੇ ਕਿਹਾ, ਕੌਮੀ ਸੁਤੰਤਰਤਾ ਸੰਗਰਾਮ ਵਿੱਚ ਧਰਤੀ ਮਾਂ ਦੇ ਇਸ ਸਪੂਤ ਵੱਲੋਂ ਦਿੱਤੀ ਗਈ ਮਹਾਨ ਕੁਰਬਾਨੀ ਨੇ ਬ੍ਰਿਟਿਸ਼ ਸਾਮਰਾਜਵਾਦ ਨੂੰ ਉਖਾੜ ਸੁੱਟਣ ਦੇ ਭਾਰਤ ਦੇ ਸੰਕਲਪ ਨੂੰ ਹੋਰ ਮਜ਼ਬੂਤ ਕੀਤਾ। ਸ਼ਹੀਦ ਊਧਮ ਸਿੰਘ ਜੀ ਦੀ ਕੁਰਬਾਨੀ ਸਾਡੇ ਨੌਜਵਾਨਾਂ ਨੂੰ ਦੇਸ਼ ਦੀ ਨਿਸ਼ਕਾਮ ਸੇਵਾ ਲਈ ਸਮਰਪਿਤ ਹੋਣ ਲਈ ਪ੍ਰੇਰਿਤ ਕਰਦੀ ਰਹੇਗੀ। ਸਾਡਾ ਦੇਸ਼ ਇਸ ਮਹਾਨ ਸ਼ਹੀਦ ਦਾ ਹਮੇਸ਼ਾ ਰਿਣੀ ਰਹੇਗਾ, ਜਿਨ੍ਹਾਂ ਨੇ ਮਾਤ ਭੂਮੀ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਇਸ ਮੌਕੇ 'ਆਪ' ਦੇ ਸੀਨੀਅਰ ਆਗੂ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ, ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਹੋਰ ਕਈ ਸ਼ਖ਼ਸੀਅਤਾਂ ਵੀ ਹਾਜ਼ਰ ਸਨ।

## ਤਾਹਿਰ ਹੁਸੈਨ ਅਤੇ ਚਾਰ ਹੋਰਨਾਂ ਨੂੰ IB ਅਧਿਕਾਰੀ ਦੇ ਕਤਲ ਕੇਸ ਵਿੱਚ ਉਮਰ ਕੈਦ

**ਨਵੀਂ ਦਿੱਲੀ, 31 ਜੁਲਾਈ**
**-ਚੌਧਰੀ ਪ੍ਰਭਜੀਤ ਸਿੰਘ-**

ਦਿੱਲੀ ਦੀ ਇੱਕ ਅਦਾਲਤ ਨੇ ਸ਼ੁੱਕਰਵਾਰ ਨੂੰ 2020 ਦੇ ਦਿੱਲੀ ਦੰਗਿਆਂ ਦੌਰਾਨ ਆਈ ਬੀ (ਇੰਟੈਲੀਜੈਂਸ ਬਿਊਰੋ) ਅਧਿਕਾਰੀ ਅੰਕਿਤ ਸ਼ਰਮਾ ਦੇ ਕਤਲ ਦੇ ਮਾਮਲੇ ਵਿੱਚ 'ਆਪ' (AAP) ਦੇ ਸਾਬਕਾ ਕੌਂਸਲਰ ਤਾਹਿਰ ਹੁਸੈਨ ਅਤੇ ਚਾਰ ਹੋਰਨਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

ਵਧੀਕ ਸੈਸ਼ਨ ਜੱਜ ਪ੍ਰਵੀਨ ਸਿੰਘ ਨੇ ਸਜ਼ਾ ਦੇ ਆਧਾਰ 'ਤੇ ਬਹਿਸ ਸੁਣਨ ਤੋਂ ਬਾਅਦ ਸਾਰੇ ਪੰਜਾਂ ਦੋਸ਼ੀਆਂ ਨੂੰ ਸਜ਼ਾ ਸੁਣਾਈ।



ਇਹ ਫ਼ੈਸਲਾ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਤਾਹਿਰ ਹੁਸੈਨ ਅਤੇ ਬਾਕੀਆਂ ਦੀ ਅਦਾਲਤ ਵਿੱਚ ਸਰੀਰਕ ਮੌਜੂਦਗੀ ਦੌਰਾਨ ਸੁਣਾਇਆ ਗਿਆ। ਅਦਾਲਤ ਦਾ ਕਮਰਾ ਵਕੀਲਾਂ ਅਤੇ ਦਿੱਲੀ ਪੁਲੀਸ ਦੇ ਸੀਨੀਅਰ ਅਧਿਕਾਰੀਆਂ ਨਾਲ ਭਰਿਆ ਹੋਇਆ ਸੀ, ਜਿਨ੍ਹਾਂ ਵਿੱਚ ਕਰਾਈਮ ਬਰਾਂਚ ਦੇ ਜੁਆਇੰਟ ਕਮਿਸ਼ਨਰ ਅਤੇ ਡੀ ਸੀ ਪੀ ਵੀ ਸ਼ਾਮਲ ਸਨ।

ਇਸ ਤੋਂ ਪਹਿਲਾਂ, ਦਿੱਲੀ ਪੁਲੀਸ ਨੇ ਸਾਰੇ ਪੰਜਾਂ ਦੋਸ਼ੀਆਂ ਲਈ ਮੌਤ ਦੀ ਸਜ਼ਾ ਦੀ ਮੰਗ ਕਰਦਿਆਂ ਕਿਹਾ ਸੀ ਕਿ ਉਹ ਅੰਕਿਤ ਸ਼ਰਮਾ 'ਤੇ ਲਗਾਤਾਰ ਹਮਲਾ ਕਰਦੇ ਹੋਏ ਜਾਨਵਰਾਂ ਦੇ ਪੱਧਰ ਤੱਕ ਡਿੱਗ ਗਏ ਸਨ।

ਸਰਕਾਰੀ ਵਕੀਲ ਮਧੂਕਰ ਪਾਂਡੇ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਅੰਕਿਤ ਸ਼ਰਮਾ ਦਾ ਬਹੁਤ ਬੇਰਹਿਮੀ ਨਾਲ ਕਤਲ ਕੀਤਾ ਗਿਆ ਸੀ ਅਤੇ ਦੋਸ਼ੀਆਂ ਨੇ ਜ਼ਰਾ ਵੀ ਤਰਸ ਨਹੀਂ ਦਿਖਾਇਆ, ਇਸ ਲਈ ਇਨ੍ਹਾਂ ਨੂੰ ਕੋਈ ਨਰਮੀ ਨਹੀਂ ਦਿੱਤੀ ਜਾਣੀ ਚਾਹੀਦੀ।

## ਪੰਜਾਬ ਦੇ ਮੁੱਖ ਮੰਤਰੀ ਦੱਸਣ ਕਿ ਕਿੰਨੇ ਐਲਾਨ ਪੂਰੇ ਹੋਏ : ਸ੍ਰੀ ਨਾਇਬ ਸਿੰਘ ਸੈਣੀ

### ਪੰਜਾਬ ਦੇ ਸਨੌਰ ਵਿਖੇ ਸ਼ਹੀਦ ਊਧਮ ਸਿੰਘ ਜੀ ਦੇ 87ਵੇਂ ਸ਼ਹੀਦੀ ਦਿਵਸ ਮੌਕੇ ਕਰਵਾਏ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਕੀਤੀ ਸ਼ਿਰਕਤ

**ਪਟਿਆਲਾ, 31 ਜੁਲਾਈ**
**-ਜੀ. ਐਸ. ਤੁੰਗ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਸਵਾਲ ਕੀਤਾ ਕਿ ਉਹ ਸੂਬੇ ਦੇ ਲੋਕਾਂ ਨੂੰ ਦੱਸਣ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਕੀਤੇ ਗਏ 56 ਐਲਾਨਾਂ ਵਿੱਚੋਂ ਕਿੰਨੇ ਪੂਰੇ ਹੋਏ ਹਨ, ਅਗਲੀਆਂ ਚੋਣਾਂ ਹੋਣ ਵਿੱਚ ਮਹਿਜ਼ 4 ਮਹੀਨੇ ਬਾਕੀ ਹਨ, ਕੀ ਉਹ ਸਾਰੇ ਐਲਾਨਾਂ ਨੂੰ ਪੂਰਾ ਕਰ ਦੇਣਗੇ। ਸ੍ਰੀ ਸੈਣੀ ਅੱਜ ਪੰਜਾਬ ਦੇ ਸਨੌਰ ਵਿਖੇ ਸ਼ਹੀਦ ਊਧਮ ਸਿੰਘ ਜੀ ਦੇ 87ਵੇਂ ਸ਼ਹੀਦੀ ਦਿਵਸ ਮੌਕੇ ਆਯੋਜਿਤ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਸੰਬੋਧਨ ਕਰ ਰਹੇ ਸਨ।

ਇਸ ਮੌਕੇ ਉਨ੍ਹਾਂ ਸ਼ਹੀਦ ਊਧਮ ਸਿੰਘ ਨੂੰ ਨਮਨ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਭਾਜਪਾ ਸਰਕਾਰ ਹੀ ਸ਼ਹੀਦ ਊਧਮ ਸਿੰਘ ਵੱਲੋਂ ਨੌਜਵਾਨਾਂ ਦੇ ਵਿਕਾਸ ਲਈ ਵੇਖੇ ਗਏ ਸੁਪਨਿਆਂ ਨੂੰ ਪੂਰਾ ਕਰ ਸਕਦੀ ਹੈ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ 'ਤੇ ਤੰਜ ਕੱਸਦਿਆਂ ਕਿਹਾ ਕਿ ਸਿਰਫ਼ ਨਾਅਰਿਆਂ ਨਾਲ ਨਹੀਂ, ਨੀਅਤ ਨਾਲ ਰਾਜ ਦਾ ਵਿਕਾਸ ਹੁੰਦਾ ਹੈ।

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਪੰਜਾਬ ਵਿੱਚ ਐਕਸਾਈਜ਼ ਇੰਸਪੈਕਟਰ ਦੀ ਭਰਤੀ ਵਿੱਚ ਗੜਬੜੀ ਹੋਣ ਦਾ ਦੋਸ਼ ਲਗਾਉਂਦਿਆਂ ਆਪ ਸਰਕਾਰ ਨੂੰ ਘੇਰਿਆ ਅਤੇ ਇਸ ਨੂੰ ਪ੍ਰਤਿਭਾਵਾਨ ਨੌਜਵਾਨਾਂ ਨਾਲ ਬਹੁਤ ਵੱਡਾ ਧੋਖਾ ਕਰਾਰ ਦਿੱਤਾ। ਉਨ੍ਹਾਂ ਪ੍ਰੋਗਰਾਮ ਵਿੱਚ ਇੱਕ ਬੁਲਾਰੇ ਵੱਲੋਂ ਪੰਜਾਬ ਸਰਕਾਰ ਨੇ 30 ਪ੍ਰਤੀਸ਼ਤ ਚੋਣਾਵੀਂ ਵਾਅਦੇ ਪੂਰੇ ਕੀਤੇ ਦੇ ਹਵਾਲੇ ਨਾਲ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਦੱਸਣ ਕਿ ਉਨ੍ਹਾਂ ਨੇ ਪਿਛਲੀਆਂ ਚੋਣਾਂ ਵਿੱਚ ਕੀਤੇ ਗਏ ਕਿੰਨੇ ਵਾਅਦਿਆਂ ਨੂੰ ਪੂਰਾ ਕਰ ਲਿਆ ਹੈ ਅਤੇ ਕੀ ਬਾਕੀ 4 ਮਹੀਨਿਆਂ ਵਿੱਚ ਬਾਕੀ ਐਲਾਨਾਂ ਨੂੰ ਪੂਰਾ ਕਰ ਦੇਣਗੇ। ਸ੍ਰੀ ਸੈਣੀ ਨੇ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਦੀ ਅਗਵਾਈ ਹੇਠ ਭਾਰਤ ਅੱਜ ਵਿਰਾਸਤ 'ਤੇ ਮਾਣ ਕਰਦਿਆਂ ਹੋਇਆ ਵਿਕਾਸ ਦੀਆਂ ਨਵੀਆਂ ਉਚਾਈਆਂ ਨੂੰ ਛੂਹ ਰਿਹਾ ਹੈ। ਹਰਿਆਣਾ ਵਿੱਚ ਸਾਡੀ ਸਰਕਾਰ ਇਸੇ ਭਾਵਨਾ 'ਤੇ ਕੰਮ ਕਰ ਰਹੀ ਹੈ। ਉਨ੍ਹਾਂ ਹਰਿਆਣਾ ਸਰਕਾਰ ਵੱਲੋਂ ਕਿਸਾਨਾਂ, ਔਰਤਾਂ ਅਤੇ ਨੌਜਵਾਨਾਂ ਦੇ ਹਿੱਤ ਵਿੱਚ ਕੀਤੇ ਜਾ ਰਹੇ ਕੰਮਾਂ ਦੀ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਕਿਹਾ ਕਿ ਪਿਛਲੀ ਵਿਧਾਨ ਸਭਾ ਚੋਣ ਵਿੱਚ ਭਾਜਪਾ ਨੇ ਆਪਣੇ ਚੋਣਾਵੀਂ ਸੰਕਲਪ-ਪੱਤਰ ਵਿੱਚ 217 ਸੰਕਲਪ ਲਏ ਸਨ, ਜਿਨ੍ਹਾਂ ਵਿੱਚੋਂ 70 ਸੰਕਲਪ ਤਾਂ ਮਹਿਜ਼ ਡੇਢ ਸਾਲ ਵਿੱਚ ਹੀ ਪੂਰੇ ਕਰ ਦਿੱਤੇ ਹਨ, ਬਾਕੀ ਦੇ 147 ਸੰਕਲਪ ਵੀ ਬਹੁਤ ਜਲਦੀ ਪੂਰੇ ਕਰ ਦਿੱਤੇ ਜਾਣਗੇ। ਉਨ੍ਹਾਂ ਪੰਜਾਬ ਦੀ ਜਨਤਾ ਨੂੰ ਸ਼ਹੀਦ ਸਰਦਾਰ ਊਧਮ ਸਿੰਘ ਜੀ ਦੇ ਆਦਰਸ਼ਾਂ 'ਤੇ ਚੱਲਣ ਦਾ ਸੱਦਾ ਦਿੱਤਾ ਅਤੇ ਕਿਹਾ ਕਿ ਭਾਜਪਾ ਹੀ ਇਕੋ-ਇਕ ਅਜਿਹੀ ਪਾਰਟੀ ਹੈ ਜੋ ਮਹਾਂਪੁਰਖਾਂ ਦਾ ਸਤਿਕਾਰ ਕਰਕੇ ਦੇਸ਼ ਨੂੰ ਵਿਕਸਤ ਅਤੇ ਸੰਸਕਾਰਿਤ ਕਰਨ ਦੀ ਦਿਸ਼ਾ ਵਿੱਚ ਕੰਮ ਕਰ ਰਹੀ ਹੈ।




ਸ੍ਰੀ ਨਾਇਬ ਸਿੰਘ ਸੈਣੀ ਨੇ ਸਨੌਰ ਨੂੰ ਪਾਵਨ ਧਰਤੀ ਦੱਸਿਆ ਅਤੇ ਕਿਹਾ ਕਿ ਕੁਝ ਧਰਤੀਆਂ ਸਿਰਫ਼ ਇਤਿਹਾਸ ਦਾ ਹਿੱਸਾ ਬਣਦੀਆਂ ਹਨ... ਪਰ ਕੁਝ ਧਰਤੀਆਂ ਇਤਿਹਾਸ ਘੜਦੀਆਂ ਹਨ। ਸਨੌਰ ਅਜਿਹੀ ਹੀ ਪੁੰਨਭੂਮੀ ਹੈ। ਇਹ ਸਿਰਫ਼ ਇੱਕ ਕਸਬਾ ਨਹੀਂ ਹੈ, ਸਿਰਫ਼ ਇੱਕ ਖੇਤਰ ਨਹੀਂ ਹੈ; ਇਹ ਰਾਸ਼ਟਰਭਗਤੀ ਦੀ ਰਾਜਧਾਨੀ ਹੈ। ਇਸ ਧਰਤੀ ਦੀ ਮਿੱਟੀ ਸਾਨੂੰ ਯਾਦ ਦਿਵਾਉਂਦੀ ਹੈ ਕਿ ਆਜ਼ਾਦੀ ਸਾਨੂੰ ਵਿਰਸੇ ਵਿੱਚ ਨਹੀਂ ਮਿਲੀ, ਸਗੋਂ ਗੁਰੂਆਂ ਦੇ ਤਪ, ਵੀਰਾਂ ਦੇ ਪਰਾਕ੍ਰਮ ਅਤੇ ਸ਼ਹੀਦਾਂ ਦੇ ਬਲਿਦਾਨ ਤੋਂ ਮਿਲੀ ਹੈ।

## ਕੇਂਦਰ ਸਰਕਾਰ ਵੱਲੋਂ ਕਰਤਾਰਪੁਰ ਲਾਂਘਾ ਖੋਲ੍ਹਣ ਤੋਂ ਇਨਕਾਰ: ਸੁਰੱਖਿਆ ਕਾਰਨਾਂ ਦਾ ਦਿੱਤਾ ਹਵਾਲਾ

**ਨਵੀਂ ਦਿੱਲੀ, 31 ਜੁਲਾਈ**
**-ਚੌਧਰੀ ਪ੍ਰਭਜੀਤ ਸਿੰਘ-**

ਕੇਂਦਰ ਸਰਕਾਰ ਨੇ ਮੌਜੂਦਾ ਸੁਰੱਖਿਆ ਸਥਿਤੀ ਦਾ ਹਵਾਲਾ ਦਿੰਦਿਆਂ ਕਰਤਾਰਪੁਰ ਲਾਂਘਾ ਖੋਲ੍ਹਣ ਤੋਂ ਇਨਕਾਰ ਕਰ ਦਿੱਤਾ ਹੈ। ਕੇਂਦਰੀ ਵਿਦੇਸ਼ ਮੰਤਰਾਲੇ ਦਾ ਕਹਿਣਾ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਬਾਰੇ ਸਿੱਖ ਧਾਰਮਿਕ ਸਮੂਹਾਂ ਵੱਲੋਂ ਪੱਤਰ ਪ੍ਰਾਪਤ ਹੋਏ ਹਨ, ਪਰ ਸੁਰੱਖਿਆ ਹਾਲਤਾਂ ਨੇ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਨੂੰ ਬੰਦ ਰੱਖਣ ਲਈ ਮਜਬੂਰ ਕੀਤਾ ਹੋਇਆ ਹੈ। ਸੰਸਦ ਦੇ ਚੱਲ ਰਹੇ ਮੌਨਸੂਨ ਸੈਸ਼ਨ ਵਿੱਚ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਅਤੇ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਵੱਲੋਂ ਇਹ ਸਵਾਲ ਉਠਾਇਆ ਗਿਆ ਸੀ।




ਕੇਂਦਰੀ ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਪਹਿਲਗਾਮ ਅਤਿਵਾਦੀ ਹਮਲੇ ਤੋਂ ਬਾਅਦ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੀਆਂ ਸੇਵਾਵਾਂ ਨੂੰ 7 ਮਈ 2025 ਨੂੰ ਮੁਅੱਤਲ ਕਰ ਦਿੱਤਾ ਗਿਆ ਸੀ। ਹੁਣ ਕਰੀਬ ਸਵਾ ਸਾਲ ਤੋਂ ਕਰਤਾਰਪੁਰ ਲਾਂਘਾ ਬੰਦ ਪਿਆ ਹੈ ਅਤੇ ਸਿੱਖ ਭਾਈਚਾਰੇ ਵੱਲੋਂ ਇਹ ਲਾਂਘਾ ਖੋਲ੍ਹੇ ਜਾਣ ਦੀ ਅਪੀਲ ਕੀਤੀ ਜਾ ਰਹੀ ਹੈ। ਭਾਰਤ-ਪਾਕਿਸਤਾਨ ਸਰਕਾਰ ਨੇ ਸ਼ਰਧਾਲੂਆਂ ਦੀ ਸਹੂਲਤ ਲਈ 24 ਅਕਤੂਬਰ 2019 ਨੂੰ ਇੱਕ ਸਮਝੌਤਾ ਕੀਤਾ ਸੀ ਤਾਂ ਜੋ ਸੰਗਤਾਂ ਪਾਕਿਸਤਾਨ ਦੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾ ਸਕਣ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਆਖ਼ਰੀ ਸਾਲ ਇੱਥੇ ਬਿਤਾਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੌਕੇ 'ਤੇ ਇਹ ਪਵਿੱਤਰ ਲਾਂਘਾ ਦੋਵੇਂ ਮੁਲਕਾਂ ਨੇ ਇੱਕ ਸਮਝੌਤੇ ਤਹਿਤ ਖੋਲ੍ਹਿਆ ਸੀ। ਜਦੋਂ ਕਰੋਨਾ ਮਹਾਂਮਾਰੀ ਚੱਲ ਰਹੀ ਸੀ ਤਾਂ ਉਸ ਵਕਤ ਅਸਥਾਈ ਤੌਰ 'ਤੇ ਲਾਂਘਾ ਬੰਦ ਕਰ ਦਿੱਤਾ ਗਿਆ ਸੀ ਅਤੇ ਮੁੜ 17 ਨਵੰਬਰ 2021 ਨੂੰ ਲਾਂਘਾ ਖੋਲ੍ਹ ਦਿੱਤਾ ਗਿਆ ਸੀ। ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਮਗਰੋਂ ਭਾਰਤ-ਪਾਕਿਸਤਾਨ ਦਰਮਿਆਨ ਸਰਹੱਦੀ ਤਣਾਅ ਵਧ ਗਿਆ ਸੀ। ਸ਼ਰਧਾਲੂਆਂ ਦੀ ਸੁਰੱਖਿਆ ਦੇ ਮੱਦੇਨਜ਼ਰ ਅਸਥਾਈ ਤੌਰ 'ਤੇ ਪਵਿੱਤਰ ਲਾਂਘਾ ਬੰਦ ਕਰ ਦਿੱਤਾ ਗਿਆ ਸੀ ਅਤੇ ਹਾਲੇ ਤੱਕ ਇਹ ਲਾਂਘਾ ਮੁੜ ਖੁੱਲ੍ਹਿਆ ਨਹੀਂ ਹੈ।




## ਸਾਡੇ ਰਾਜ 'ਚ ਕੋਈ ਪੇਪਰ ਲੀਕ ਨਹੀਂ : ਭਗਵੰਤ ਮਾਨ
## ਵਿਰੋਧੀਆਂ ਨੇ 6 ਮਾਮਲੇ ਗਿਣਾ ਕੇ ਦਿੱਤੀ ਚੁਣੌਤੀ

### ਬਾਬਾ ਫ਼ਰੀਦ ਯੂਨੀਵਰਸਿਟੀ ਦੀ ਫਾਰਮੇਸੀ ਅਫ਼ਸਰ ਪ੍ਰੀਖਿਆ ਤੋਂ ਬਾਅਦ ਭਖਿਆ ਮੁੱਦਾ; ਪੁਲਿਸ ਅਨੁਸਾਰ ਇਹ 'ਪੇਪਰ ਲੀਕ' ਨਹੀਂ ਬਲਕਿ ਹਾਈ-ਟੈੱਕ ਨਕਲ ਦਾ ਮਾਮਲਾ

**ਚੰਡੀਗੜ੍ਹ, 31 ਜੁਲਾਈ**
**-ਸ਼ਹੀਦ-ਏ-ਆਜ਼ਮ-ਬਿਊਰੋ-**

ਦੇਸ਼ ਭਰ ਵਿੱਚ ਪ੍ਰੀਖਿਆ ਪੇਪਰ ਲੀਕ ਦੇ ਮੁੱਦੇ 'ਤੇ ਚੱਲ ਰਹੀ ਬਹਿਸ ਦੇ ਵਿਚਕਾਰ ਹੁਣ ਪੰਜਾਬ ਵਿੱਚ ਵੀ ਇਸ ਮੁੱਦੇ 'ਤੇ ਰਾਜਨੀਤਿਕ ਘਮਾਸਾਨ ਤੇਜ਼ ਹੋ ਗਿਆ ਹੈ। 19 ਜੁਲਾਈ ਨੂੰ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ (BFUHS) ਵੱਲੋਂ 454 ਫਾਰਮੇਸੀ ਅਫ਼ਸਰਾਂ ਦੀ ਭਰਤੀ ਲਈ ਲਈ ਗਈ ਪ੍ਰੀਖਿਆ ਤੋਂ ਬਾਅਦ ਵਿਰੋਧੀ ਧਿਰਾਂ ਨੇ ਪੰਜਾਬ ਸਰਕਾਰ ਨੂੰ ਨਿਸ਼ਾਨੇ 'ਤੇ ਲੈ ਲਿਆ ਹੈ। ਪ੍ਰੀਖਿਆ ਦੌਰਾਨ ਪੰਜਾਬ ਪੁਲਿਸ ਨੇ ਇੱਕ ਅੰਤਰ-ਰਾਜੀ ਗਿਰੋਹ ਦਾ ਪਰਦਾਫਾਸ਼ ਕਰਦਿਆਂ ਪੈੱਨ ਕੈਮਰੇ, ਬਲੂਟੁੱਥ ਈਅਰਫੋਨ ਅਤੇ ਹੋਰ ਇਲੈਕਟ੍ਰਾਨਿਕ ਉਪਕਰਣ ਬਰਾਮਦ ਕੀਤੇ ਸਨ। ਮੁੱਖ ਮੰਤਰੀ ਭਗਵੰਤ ਮਾਨ ਨੇ ਵਿਰੋਧੀਆਂ ਦੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇ ਪਿਛਲੇ ਚਾਰ-ਸਾਢੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਇੱਕ ਵੀ ਪ੍ਰਤੀਯੋਗੀ ਪ੍ਰੀਖਿਆ ਦਾ ਪੇਪਰ ਲੀਕ ਨਹੀਂ ਹੋਇਆ। ਦੂਜੇ ਪਾਸੇ ਕਾਂਗਰਸ, ਭਾਜਪਾ, ਸ਼੍ਰੋਮਣੀ ਅਕਾਲੀ ਦਲ ਅਤੇ ਰਾਜ ਸਭਾ ਮੈਂਬਰ ਸਵਾਤੀ ਮਾਲੀਵਾਲ ਨੇ ਦਾਅਵਾ ਕੀਤਾ ਹੈ ਕਿ 2022 ਤੋਂ ਬਾਅਦ ਪੰਜਾਬ ਵਿੱਚ ਭਰਤੀ ਅਤੇ ਬੋਰਡ ਪ੍ਰੀਖਿਆਵਾਂ ਨਾਲ ਸਬੰਧਤ ਘੱਟੋ-ਘੱਟ 6 ਵੱਡੀਆਂ ਪੇਪਰ ਲੀਕ ਜਾਂ ਧਾਂਦਲੀ ਦੀਆਂ ਘਟਨਾਵਾਂ ਵਾਪਰੀਆਂ ਹਨ।




**19 ਜੁਲਾਈ ਦੀ ਫਾਰਮੇਸੀ ਅਫ਼ਸਰ ਪ੍ਰੀਖਿਆ ਦਾ ਮਾਮਲਾ**

ਬਾਬਾ ਫ਼ਰੀਦ ਯੂਨੀਵਰਸਿਟੀ ਵੱਲੋਂ 454 ਅਸਾਮੀਆਂ ਲਈ ਲਈ ਗਈ ਪ੍ਰੀਖਿਆ ਵਿੱਚ ਲਗਭਗ 7,000 ਉਮੀਦਵਾਰ ਬੈਠੇ ਸਨ। ਪ੍ਰੀਖਿਆ ਦੌਰਾਨ ਪੁਲੀਸ ਨੇ ਹਾਈ-ਟੈੱਕ ਨਕਲ ਰੈਕੇਟ ਦਾ ਫ਼ੜ੍ਹਿਆ। ਜਾਂਚ ਵਿੱਚ ਸਾਹਮਣੇ ਆਇਆ ਕਿ ਉਮੀਦਵਾਰਾਂ ਨੇ ਪ੍ਰੀਖਿਆ ਸ਼ੁਰੂ ਹੋਣ ਤੋਂ ਬਾਅਦ ਪੈੱਨ ਕੈਮਰਿਆਂ ਨਾਲ ਪ੍ਰਸ਼ਨ ਪੱਤਰ ਦੀਆਂ ਤਸਵੀਰਾਂ ਖਿੱਚ ਕੇ ਬਾਹਰ ਭੇਜੀਆਂ ਸਨ।

ਪੰਜਾਬ ਪੁਲੀਸ ਦਾ ਕਹਿਣਾ ਹੈ ਕਿ ਪ੍ਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਪੇਪਰ ਲੀਕ ਹੋਣ ਦਾ ਕੋਈ ਸਬੂਤ ਨਹੀਂ ਮਿਲਿਆ ਹੈ। ਪੁਲੀਸ ਅਨੁਸਾਰ ਇਹ 'ਪ੍ਰੀ-ਐਗਜ਼ਾਮ ਪੇਪਰ ਲੀਕ' ਨਹੀਂ ਬਲਕਿ ਪ੍ਰੀਖਿਆ ਸ਼ੁਰੂ ਹੋਣ ਤੋਂ ਬਾਅਦ ਤਕਨਾਲੋਜੀ ਦੀ ਵਰਤੋਂ ਨਾਲ ਕੀਤੀ ਗਈ 'ਰੀਅਲ-ਟਾਈਮ ਨਕਲ' ਦਾ ਮਾਮਲਾ ਹੈ।

**ਵਿਰੋਧੀ ਧਿਰਾਂ ਵਲੋਂ ਗਿਣਾਏ ਗਏ 6 ਮਾਮਲੇ**

ਵਿਰੋਧੀ ਧਿਰਾਂ ਅਤੇ ਮੀਡੀਆ ਰਿਪੋਰਟਾਂ ਅਨੁਸਾਰ 2022 ਤੋਂ ਬਾਅਦ ਹੇਠ ਲਿਖੇ 6 ਮਾਮਲਿਆਂ ਵਿੱਚ ਧਾਂਦਲੀ ਜਾਂ ਲੀਕ ਦੇ ਦੋਸ਼ ਲੱਗੇ ਹਨ।

ਨਾਇਬ ਤਹਿਸੀਲਦਾਰ ਭਰਤੀ ਪ੍ਰੀਖਿਆ (2022): ਡਮੀ ਉਮੀਦਵਾਰਾਂ ਤੇ ਇਲੈਕਟ੍ਰਾਨਿਕ ਉਪਕਰਣਾਂ ਨਾਲ ਨਕਲ ਦੇ ਦੋਸ਼, ਪ੍ਰੀਖਿਆ ਰੱਦ ਕਰਨੀ ਪਈ ਸੀ।
SSSB ਗਰੁੱਪ-ਬੀ ਅਫ਼ਸਰ ਭਰਤੀ ਪ੍ਰੀਖਿਆ
ਖੇਤੀਬਾੜੀ ਵਿਕਾਸ ਅਫ਼ਸਰ (ADO) ਭਰਤੀ ਪ੍ਰੀਖਿਆ
ਪੰਜਾਬ ਸਕੂਲ ਸਿੱਖਿਆ ਬੋਰਡ (PSEB) 12ਵੀਂ ਅੰਗਰੇਜ਼ੀ ਪੇਪਰ ਵਿਵਾਦ
ਪੁਲੀਸ ਭਰਤੀ ਪ੍ਰੀਖਿਆਵਾਂ ਵਿੱਚ ਗੜਬੜੀ ਦੇ ਦੋਸ਼
ਫਾਰਮੇਸੀ ਅਫ਼ਸਰ ਭਰਤੀ ਪ੍ਰੀਖਿਆ (2026)

ਸਵਾਤੀ ਮਾਲੀਵਾਲ ਨੇ ਇਸ ਮੁੱਦੇ 'ਤੇ ਪੰਜਾਬ ਦੇ ਸਿੱਖਿਆ ਮੰਤਰੀ ਦੇ ਅਸਤੀਫ਼ੇ ਦੀ ਮੰਗ ਕੀਤੀ ਹੈ। ਵਿਰੋਧੀ ਧਿਰਾਂ ਦਾ ਦੋਸ਼ ਹੈ ਕਿ ਸਰਕਾਰ ਜਵਾਬਦੇਹੀ ਤੋਂ ਬਚਣ ਲਈ 'ਪੇਪਰ ਲੀਕ' ਅਤੇ 'ਨਕਲ/ਧਾਂਦਲੀ' ਸ਼ਬਦਾਂ ਵਿੱਚ ਉਲਝਾ ਕੇ ਮਾਮਲੇ ਨੂੰ ਰਫ਼ਾ-ਦਫ਼ਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

## ਨਗਰ ਨਿਗਮ ਹਾਊਸ ਵਿੱਚ ਮੁਫ਼ਤ ਪਾਣੀ ਦੀ ਮੰਗ ਨੂੰ ਲੈ ਕੇ ਹੰਗਾਮਾ

**ਚੰਡੀਗੜ੍ਹ, 31 ਜੁਲਾਈ**
**-ਮਨੋਜ ਵਰਮਾ-**

ਚੰਡੀਗੜ੍ਹ ਨਗਰ ਨਿਗਮ ਦੀ ਜਨਰਲ ਹਾਊਸ ਦੀ ਮੀਟਿੰਗ ਦੌਰਾਨ ਅੱਜ ਉਸ ਸਮੇਂ ਭਾਰੀ ਹੰਗਾਮਾ ਦੇਖਣ ਨੂੰ ਮਿਲਿਆ, ਜਦੋਂ ਕਾਂਗਰਸੀ ਕੌਂਸਲਰਾਂ ਨੇ ਹਰ ਘਰ ਨੂੰ 20,000 ਲੀਟਰ ਮੁਫ਼ਤ ਪਾਣੀ ਦੇਣ ਦੀ ਮੰਗ ਚੁੱਕੀ। ਜਿਵੇਂ ਹੀ ਕਾਂਗਰਸੀ ਕੌਂਸਲਰਾਂ ਨੇ ਇਹ ਮੰਗ ਰੱਖੀ, ਮੇਅਰ ਸੌਰਭ ਜੋਸ਼ੀ ਸਮੇਤ ਭਾਜਪਾ ਕੌਂਸਲਰਾਂ ਨੇ ਇਸ ਵਾਅਦੇ ਨੂੰ ਪੂਰਾ ਨਾ ਕਰਨ 'ਤੇ ਕਾਂਗਰਸ ਅਤੇ ਆਪ (AAP) 'ਤੇ ਹਮਲਾ ਬੋਲ ਦਿੱਤਾ।

ਮੇਅਰ ਸੌਰਭ ਜੋਸ਼ੀ ਨੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ 'ਆਪ' ਕਾਂਗਰਸ ਦੀ ਬੀ-ਟੀਮ (B Team) ਹੈ। ਮੇਅਰ ਨੇ ਕਿਹਾ ਕਿ ਮੁਫ਼ਤ ਪਾਣੀ ਦੇਣ ਦਾ ਵਾਅਦਾ ਸੰਸਦੀ ਚੋਣਾਂ ਤੋਂ ਪਹਿਲਾਂ ਕਾਂਗਰਸ ਅਤੇ 'ਆਪ' ਦੋਵਾਂ ਪਾਰਟੀਆਂ ਵੱਲੋਂ ਕੀਤਾ ਗਿਆ ਸੀ, ਜਿਸ ਦਾ ਜਵਾਬ ਸੰਸਦ ਮੈਂਬਰ ਨੂੰ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ 'ਆਪ' ਨੂੰ ਭਾਰੀ ਹਾਰ ਦਾ ਸਾਹਮਣਾ ਕਰਨਾ ਪਵੇਗਾ।




ਕਾਂਗਰਸੀ ਕੌਂਸਲਰ ਹਰ ਘਰ ਲਈ 20,000 ਲੀਟਰ ਮੁਫ਼ਤ ਪਾਣੀ ਦੀ ਮੰਗ ਵਾਲੇ ਪੋਸਟਰ ਅਤੇ ਤਖ਼ਤੀਆਂ ਲੈ ਕੇ ਹਾਊਸ ਦੇ ਵੈੱਲ (ਵਿਚਕਾਰਲੇ ਹਿੱਸੇ) ਵਿੱਚ ਪਹੁੰਚ ਗਏ।

ਕਾਂਗਰਸੀ ਕੌਂਸਲਰਾਂ ਪ੍ਰੇਮ ਲਤਾ, ਜਸਬੀਰ ਸਿੰਘ ਬੰਟੀ ਅਤੇ ਗੁਰਪ੍ਰੀਤ ਸਿੰਘ ਗਾਬੀ ਨੇ ਕਿਹਾ ਕਿ ਇਹ ਸਿਰਫ਼ ਕੋਈ ਸਿਆਸੀ ਮੁੱਦਾ ਨਹੀਂ ਹੈ, ਸਗੋਂ ਚੰਡੀਗੜ੍ਹ ਦੇ ਲੱਖਾਂ ਨਿਵਾਸੀਆਂ ਦੀ ਅਸਲ ਲੋੜ ਅਤੇ ਉਨ੍ਹਾਂ ਦਾ ਜਾਇਜ਼ ਹੱਕ ਹੈ। ਕਾਂਗਰਸੀ ਕੌਂਸਲਰਾਂ ਨੇ ਦੱਸਿਆ ਕਿ ਨਗਰ ਨਿਗਮ ਹਾਊਸ ਪਹਿਲਾਂ ਹੀ ਇਸ ਮਤੇ ਨੂੰ ਦੋ ਵਾਰ ਪਾਸ ਕਰ ਚੁੱਕਾ ਹੈ। ਹਾਲਾਂਕਿ, ਇਨ੍ਹਾਂ ਮਤਿਆਂ ਦੇ ਬਾਵਜੂਦ ਅਧਿਕਾਰੀਆਂ ਨੇ ਇਸ ਫੈਸਲੇ ਨੂੰ ਲਾਗੂ ਨਹੀਂ ਕੀਤਾ, ਜੋ ਚੁਣੇ ਹੋਏ ਹਾਊਸ ਦੇ ਲੋਕਤੰਤਰੀ ਫਤਵੇ ਅਤੇ ਲੋਕਾਂ ਦੀਆਂ ਇੱਛਾਵਾਂ ਪ੍ਰਤੀ ਸਰਾਸਰ ਅਣਦੇਖੀ ਨੂੰ ਦਰਸਾਉਂਦਾ ਹੈ। ਆਮ ਆਦਮੀ ਪਾਰਟੀ ਦੇ ਕੌਂਸਲਰਾਂ ਨੇ ਸ਼ਹਿਰ ਵਿੱਚ ਬੁਨਿਆਦੀ ਸਹੂਲਤਾਂ ਦਾ ਮੁੱਦਾ ਉਠਾਇਆ। ਉਨ੍ਹਾਂ ਦੋਸ਼ ਲਾਇਆ ਕਿ ਮੀਂਹ ਨੇ ਵਿਕਾਸ ਦੇ ਦਾਅਵਿਆਂ ਦੀ ਪੋਲ ਖੋਲ੍ਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸੜਕਾਂ ਦੇ ਨਾਲ ਬਣੀਆਂ ਨਾਲੀਆਂ (ਰੋਡ ਗਲੀਆਂ) ਦੀ ਸਫ਼ਾਈ ਨਹੀਂ ਕੀਤੀ ਗਈ ਅਤੇ ਸ਼ਹਿਰ ਦੀਆਂ ਸੜਕਾਂ ਦੀ ਹਾਲਤ ਸਭ ਤੋਂ ਮਾੜੀ ਹੈ। 'ਆਪ' ਕੌਂਸਲਰਾਂ ਨੇ ਨਗਰ ਨਿਗਮ ਵਿੱਚ ਘਪਲਿਆਂ ਦੇ ਦੋਸ਼ ਵੀ ਲਾਏ।

## 19 ਸਾਲ ਬਾਅਦ ਘਰ ਵਾਪਸੀ ! ਕੋਲਕਾਤਾ ਪਰਤੀ ਲੇਖਿਕਾ ਤਸਲੀਮਾ ਨਸਰੀਨ

**ਨਵੀਂ ਦਿੱਲੀ, 31 ਜੁਲਾਈ**
**-ਸ਼ਹੀਦ-ਏ-ਆਜ਼ਮ-ਬਿਊਰੋ-**

ਨਿਰਵਾਸਿਤ ਬੰਗਲਾਦੇਸ਼ੀ ਲੇਖਿਕਾ ਤਸਲੀਮਾ ਨਸਰੀਨ ਸ਼ੁੱਕਰਵਾਰ ਨੂੰ ਲਗਭਗ 19 ਸਾਲਾਂ ਦੇ ਲੰਬੇ ਵਕਫ਼ੇ ਤੋਂ ਬਾਅਦ ਕੋਲਕਾਤਾ ਪਹੁੰਚ ਗਈ ਹੈ। ਸਾਲ 2007 ਵਿੱਚ ਆਪਣੀਆਂ ਲਿਖਤਾਂ ਵਿਰੁੱਧ ਹੋਏ ਭਾਰੀ ਹਿੰਸਕ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਸ਼ਹਿਰ ਛੱਡਣ ਲਈ ਮਜਬੂਰ ਹੋਣ ਤੋਂ ਬਾਅਦ ਇਹ ਉਨ੍ਹਾਂ ਦੀ ਪਹਿਲੀ ਕੋਲਕਾਤਾ ਫੇਰੀ ਹੈ। ਨੇਤਾਜੀ ਸੁਭਾਸ਼ ਚੰਦਰ ਬੋਸ ਕੌਮਾਂਤਰੀ ਹਵਾਈ ਅੱਡੇ 'ਤੇ ਕੜੀ ਸੁਰੱਖਿਆ ਦੇ ਘੇਰੇ ਹੇਠ ਪਹੁੰਚੀ ਨਸਰੀਨ 'ਹਿਊਮਨ ਰਾਈਟਸ ਬਿਓਂਡ ਫ੍ਰੰਟੀਅਰਜ਼' ਅਤੇ ਹੋਰ ਸੰਸਥਾਵਾਂ ਦੁਆਰਾ ਆਯੋਜਿਤ ਇੱਕ ਜਨਤਕ ਪ੍ਰੋਗਰਾਮ ਵਿੱਚ ਸ਼ਿਰਕਤ ਕਰੇਗੀ।

***'ਲੱਜਾ' ਨਾਵਲ ਤੋਂ ਬਾਅਦ ਮਿਲੀਆਂ ਸਨ ਜਾਨੋਂ ਮਾਰਨ ਦੀਆਂ ਧਮਕੀਆਂ***

1962 ਵਿੱਚ ਮੈਮਨਸਿੰਘ (ਬੰਗਲਾਦੇਸ਼) ਵਿੱਚ ਜਨਮੀ ਡਾਕਟਰ ਤੋਂ ਲੇਖਿਕਾ ਬਣੀ ਨਸਰੀਨ ਨੇ ਆਪਣੀਆਂ ਲਿਖਤਾਂ ਵਿੱਚ ਔਰਤਾਂ ਦੇ ਅਧਿਕਾਰਾਂ, ਧਰਮ ਨਿਰਪੱਖਤਾ ਅਤੇ ਧਾਰਮਿਕ ਕੱਟੜਪੰਥ ਦੀ ਆਲੋਚਨਾ ਨੂੰ ਮੁੱਖ ਮੁੱਦਾ ਬਣਾਇਆ। 1993 ਵਿੱਚ ਛਪੇ ਉਨ੍ਹਾਂ ਦੇ ਨਾਵਲ 'ਲੱਜਾ'' ਨੇ ਉਨ੍ਹਾਂ ਨੂੰ ਕੌਮਾਂਤਰੀ ਪੱਧਰ 'ਤੇ ਚਰਚਾ ਵਿੱਚ ਲਿਆਂਦਾ, ਜਿਸ ਵਿੱਚ ਬਾਬਰੀ ਮਸਜਿਦ ਢਾਹੇ ਜਾਣ ਤੋਂ ਬਾਅਦ ਬੰਗਲਾਦੇਸ਼ ਵਿੱਚ ਹਿੰਦੂਆਂ 'ਤੇ ਹੋਏ ਅੱਤਿਆਚਾਰਾਂ ਨੂੰ ਉਜਾਗਰ ਕੀਤਾ ਗਿਆ ਸੀ। ਇਸ ਕਿਤਾਬ 'ਤੇ ਬੰਗਲਾਦੇਸ਼ ਵਿੱਚ ਪਾਬੰਦੀ ਲਗਾ ਦਿੱਤੀ ਗਈ ਸੀ ਅਤੇ ਕੱਟੜਪੰਥੀ ਸੰਗਠਨਾਂ ਵਲੋਂ ਮਿਲੀ ਜਾਨੋਂ ਮਾਰਨ ਦੀ ਧਮਕੀ ਤੋਂ ਬਾਅਦ 1994 ਵਿੱਚ ਉਨ੍ਹਾਂ ਨੂੰ ਦੇਸ਼ ਛੱਡਣਾ ਪਿਆ ਸੀ।

ਨਸਰੀਨ 2004 ਵਿੱਚ ਭਾਰਤ ਸਰਕਾਰ ਤੋਂ ਮਿਲੇ ਰਿਹਾਇਸ਼ੀ ਪਰਮਿਟ ਤੋਂ ਬਾਅਦ ਕੋਲਕਾਤਾ ਆਈ ਸੀ। ਬੰਗਾਲੀ ਭਾਸ਼ਾ ਅਤੇ ਸੱਭਿਆਚਾਰ ਦੀ ਸਾਂਝ ਕਾਰਨ ਉਹ ਕੋਲਕਾਤਾ ਨੂੰ ਆਪਣਾ 'ਦੂਜਾ ਘਰ' ਮੰਨਦੀ ਸੀ। ਹਾਲਾਂਕਿ, ਉਨ੍ਹਾਂ ਦੀ ਸਵੈ-ਜੀਵਨੀ 'ਦਵਿਖੰਡਿਤੋ' ਨੂੰ ਲੈ ਕੇ ਹੋਏ ਵਿਵਾਦ ਤੋਂ ਬਾਅਦ ਨਵੰਬਰ 2007 ਵਿੱਚ ਕੋਲਕਾਤਾ ਵਿੱਚ ਭਾਰੀ ਹਿੰਸਕ ਝੜਪਾਂ ਹੋਈਆਂ ਸਨ।

ਤਤਕਾਲੀ ਲੈਫਟ ਫਰੰਟ ਸਰਕਾਰ ਨੇ ਸੁਰੱਖਿਆ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਨੂੰ ਸ਼ਹਿਰ ਤੋਂ ਬਾਹਰ ਭੇਜ ਦਿੱਤਾ ਸੀ।

ਭਾਵੇਂ ਪੱਛਮੀ ਬੰਗਾਲ ਸਰਕਾਰ ਨੇ ਉਨ੍ਹਾਂ 'ਤੇ ਕੋਈ ਕਾਨੂੰਨੀ ਪਾਬੰਦੀ ਨਹੀਂ ਲਗਾਈ ਸੀ, ਪਰ ਨਸਰੀਨ ਦਾ ਕਹਿਣਾ ਰਿਹਾ ਹੈ ਕਿ ਸਰਕਾਰਾਂ ਨੇ ਉਨ੍ਹਾਂ ਨੂੰ ਵਾਪਸ ਆਉਣ ਜਾਂ ਸਾਹਿਤਕ ਸਮਾਗਮਾਂ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਨਹੀਂ ਦਿੱਤੀ।

# ਸੰਪਾਦਕੀ

## ਪੰਜਾਬ ਦਾ ਵਧਦਾ ਪਾਣੀ ਸੰਕਟ: ਅੱਜ ਦੀ ਵਰਤੀ ਸਿਆਣਪ ਕਲ ਦਾ ਭਵਿੱਖ ਲਿਖੇਗੀ

ਪੰਜ ਦਰਿਆਵਾਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਪੰਜਾਬ ਅੱਜ ਆਪਣੇ ਹੀ ਪਾਣੀ ਦੀ ਹੋਂਦ ਲਈ ਚਿੰਤਤ ਹੈ। ਇਹ ਸਿਰਫ਼ ਕਿਸਾਨਾਂ ਜਾਂ ਸਰਕਾਰ ਦਾ ਨਹੀਂ, ਸਗੋਂ ਪੰਜਾਬ ਦੀ ਆਰਥਿਕਤਾ, ਵਾਤਾਵਰਣ, ਜਨ-ਸਿਹਤ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨਾਲ ਜੁੜਿਆ ਅਤਿ ਗੰਭੀਰ ਮੁੱਦਾ ਹੈ।

ਅੰਨ ਪੱਖੋਂ ਭਾਰਤ ਨੂੰ ਆਤਮਨਿਰਭਰ ਬਣਾਉਣ ਵਿੱਚ ਪੰਜਾਬ ਦਾ ਇਤਿਹਾਸਕ ਸਥਾਨ ਰਿਹਾ । ਪਰ ਝੋਨਾ-ਕਣਕ ਦੇ ਲਗਾਤਾਰ ਫ਼ਸਲੀ ਚੱਕਰ, ਮੁਫ਼ਤ ਬਿਜਲੀ, ਡੂੰਘੇ ਟਿਊਬਵੈੱਲਾਂ ਦੇ ਬੋਰ ਅਤੇ ਭੂ-ਜਲ 'ਤੇ ਅਤਿਅਧਿਕ ਨਿਰਭਰਤਾ ਨੇ ਪੰਜਾਬ ਦੇ ਕੁਦਰਤੀ ਜਲ-ਭੰਡਾਰਾਂ ਨੂੰ ਖ਼ਤਰੇ ਵੱਲ ਧੱਕ ਰਿਹਾ ਹੈ।

ਕੇਂਦਰੀ ਭੂ-ਜਲ ਬੋਰਡ ਦੇ ਅੰਕੜਿਆਂ ਤਹਿਤ ਪੰਜਾਬ ਵਿੱਚ ਭੂ-ਜਲ ਦੀ ਖਪਤ ਲਗਭਗ 156 ਫ਼ੀਸਦੀ ਤੱਕ ਪਹੁੰਚ ਚੁੱਕੀ ਹੈ, ਜੋ ਦੇਸ਼ ਵਿੱਚ ਸਭ ਤੋਂ ਵੱਧ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ (♦1") ਦੇ ਅਧਿਐਨ ਅਨੁਸਾਰ ਰਾਜ ਵਿੱਚ ਹਰ ਸਾਲ ਔਸਤ 50 ਸੈਂਟੀਮੀਟਰ ਤੋਂ ਵੱਧ ਭੂ-ਜਲ ਦਾ ਪੱਧਰ ਲਗਾਤਾਰ ਹੇਠਾਂ ਜਾ ਰਿਹਾ ਹੈ। ਇਸ ਕਾਰਨ ਟਿਊਬਵੈੱਲ ਹੋਰ ਡੂੰਘੇ ਹੋ ਰਹੇ ਹਨ ਅਤੇ ਕਿਸਾਨਾਂ ਦੀ ਲਾਗਤ ਅਤੇ ਊਰਜਾ ਦੀ ਖਪਤ ਲਗਾਤਾਰ ਲਗਾਤਾਰ ਵੱਧ ਰਹੀ ਹੈ, ਨਤੀਜਤਨ ਕੁਝ ਖੇਤਰਾਂ ਵਿੱਚ ਭੂ-ਜਲ ਵਿੱਚ ਯੂਰੇਨੀਅਮ, ਆਰਸੈਨਿਕ ਅਤੇ ਹੋਰ ਹਾਨੀਕਾਰਕ ਤੱਤਾਂ ਦੀ ਮੌਜੂਦਗੀ ਵੀ ਚਿੰਤਾ ਦਾ ਵਿਸ਼ਾ ਹੈ। ਇਸ ਦੇ ਨਾਲ ਜਲਵਾਯੂ ਪਰਿਵਰਤਨ, ਬੇਤਰਤੀਬ ਵਰਖਾ, ਵਧਦਾ ਤਾਪਮਾਨ ਅਤੇ ਲੰਬੇ ਸੁੱਕੇ ਭੂ-ਜਲ ਦੇ ਕੁਦਰਤੀ ਰੀਚਾਰਜ ਨੂੰ ਪ੍ਰਭਾਵਿਤ ਕਰ ਰਹੇ ਹਨ। ਜੇ ਇਹ ਰੁਝਾਨ ਜਾਰੀ ਰਿਹਾ, ਤਾਂ ਪੰਜਾਬ ਦੀ ਖੇਤੀ ਅਤੇ ਪੀਣ ਵਾਲੇ ਪਾਣੀ ਦੋਵੇਂ ਗੰਭੀਰ ਸੰਕਟ ਵਿੱਚ ਹੋਣਗੇ।

**ਹੱਲ ਕੀ ਹੈ ?**

ਇਸ ਸੰਕਟ ਦਾ ਹੱਲ ਹੋਰ ਟਿਊਬਵੈੱਲ ਲਗਾਉਣਾ ਨਹੀਂ, ਸਗੋਂ ਨਹਿਰੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ, ਵਰਖਾ ਦੇ ਪਾਣੀ ਦੀ ਸੰਭਾਲ ਅਤੇ ਭੂ-ਜਲ ਦੇ ਵਿਗਿਆਨਕ ਰੀਚਾਰਜ ਵਿੱਚ ਹੈ।

ਪੰਜਾਬ ਵਿੱਚ ਨਹਿਰੀ ਸਿੰਚਾਈ ਪ੍ਰਣਾਲੀ ਨੂੰ ਮਜ਼ਬੂਤ ਅਤੇ ਲਾਜ਼ਮੀ ਬਣਾਉਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਨਹਿਰੀ ਪਾਣੀ ਸਿਰਫ਼ ਫ਼ਸਲਾਂ ਨੂੰ ਹੀ ਗੁਣਵੱਤਾ ਵਾਲਾ ਜੀਵਨ ਨਹੀਂ ਦਿੰਦਾ, ਸਗੋਂ ਧਰਤੀ ਹੇਠਲੇ ਜਲ-ਭੰਡਾਰਾਂ ਨੂੰ ਕੁਦਰਤੀ ਤੌਰ 'ਤੇ ਮੁੜ ਭਰਨ ਦਾ ਸਭ ਤੋਂ ਪ੍ਰਭਾਵਸ਼ਾਲੀ ਸਾਧਨ ਵੀ ਹੈ। ਇਸ ਨਾਲ ਟਿਊਬਵੈੱਲਾਂ 'ਤੇ ਨਿਰਭਰਤਾ ਘਟਦੀ ਹੈ, ਮਿੱਟੀ ਦੀ ਨਮੀ ਬਣੀ ਰਹਿੰਦੀ ਹੈ ਅਤੇ ਖੇਤੀ ਦੀ ਉਪਜਤਾ ਵਧਦਾ ਹੈ।

ਇਸ ਦੇ ਨਾਲ ਹੀ ਹਰ ਘਰ, ਹਰ ਸਕੂਲ, ਹਰ ਸਰਕਾਰੀ ਦਫ਼ਤਰ, ਹਰ ਉਦਯੋਗ ਅਤੇ ਹਰ ਪਿੰਡ ਵਿੱਚ ਵਰਖਾ ਦੇ ਪਾਣੀ ਦੀ ਸੰਭਾਲ (Rain-water Harvesting system) ਤਹਿਤ ਲਾਜ਼ਮੀ ਸਬਸਿਡੀ ਤਹਿਤ ਕੀਤੀ ਜਾਣੀ ਚਾਹੀਦੀ ਹੈ। ਛੱਤਾਂ ਤੋਂ ਡਿੱਗਣ ਵਾਲਾ ਮੀਂਹ ਦਾ ਪਾਣੀ ਜੇਕਰ ਰੀਚਾਰਜ ਖੱਡਾਂ ਰਾਹੀਂ ਧਰਤੀ ਵਿੱਚ ਪਹੁੰਚਾਇਆ ਜਾਵੇ, ਤਾਂ ਹਰ ਸਾਲ ਕਰੋੜਾਂ ਲੀਟਰ ਪਾਣੀ ਭੂ-ਜਲ ਨੂੰ ਮੁੜ ਜੀਵਨ ਦੇ ਸਕਦਾ ਹੈ।

ਨਹਿਰੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਮਿੱਟੀ ਦੀ ਸਿਹਤ, ਖੇਤੀਬਾੜੀ ਦੀ ਉਤਪਾਦਕਤਾ ਅਤੇ ਮਨੁੱਖੀ ਜੀਵਨ—ਤਿੰਨਾਂ ਲਈ ਲਾਭਕਾਰੀ ਹੈ। ਇਸ ਲਈ ਪਾਣੀ ਦੀ ਸੰਭਾਲ ਸਮਾਜਿਕ ਅੰਦੋਲਨ ਬਣਾਉਣ ਦੀ ਲੋੜ ਹੈ।

ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਵਿੱਚ ਫਰਮਾਇਆ ਹੈ—

ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥

ਇਹ ਬਚਨ ਅੱਜ ਵੀ ਉਨ੍ਹਾਂ ਹੀ ਸਾਰਥਕ ਹਨ। ਪਹਿਲਾ ਪਾਣੀ ਜੀਉ ਹੈ —ਅਰਥਾਤ ਪਾਣੀ ਹੀ ਜੀਵਨ ਦਾ ਪਹਿਲਾ ਆਧਾਰ ਹੈ। ਪਾਣੀ ਤੋਂ ਹੀ ਅੰਨ, ਹਰਿਆਵਲੀ ਅਤੇ ਸਮੂਹ ਜੀਵ-ਜਗਤ ਦਾ ਅਸਤਿਤਵ ਕਾਇਮ ਹੈ। ਇਸ ਲਈ ਪਾਣੀ ਦੀ ਸੰਭਾਲ ਸਾਡਾ ਨੈਤਿਕ, ਸਮਾਜਿਕ ਫਰਜ਼ ਦੇ ਨਾਲ ਧਾਰਮਿਕ ਫ਼ਰਜ਼ ਵੀ ਬਣਦਾ ਹੈ।

**ਸਾਰ**

ਅੱਜ ਪੰਜਾਬ ਨੂੰ ਇੱਕ ਨਵੀਂ ਜਲ ਕ੍ਰਾਂਤੀ ਦੀ ਲਹਿਰ ਦੀ ਲੋੜ ਹੈ, ਜਿਸ ਵਿੱਚ ਸਰਕਾਰ, ਕਿਸਾਨ, ਵਿਗਿਆਨੀ, ਉਦਯੋਗ, ਧਾਰਮਿਕ ਸੰਸਥਾਵਾਂ ਅਤੇ ਹਰ ਨਾਗਰਿਕ ਆਪਣੀ ਜ਼ਿੰਮੇਵਾਰੀ ਨਿਭਾਏ।

ਹਰ ਖੇਤ ਤੱਕ ਨਹਿਰੀ ਪਾਣੀ, ਹਰ ਘਰ ਵਿੱਚ ਵਰਖਾ ਦੇ ਪਾਣੀ ਦਾ ਰੀਚਾਰਜ, ਹਰ ਪਿੰਡ ਵਿੱਚ ਜਲ ਸੰਭਾਲ ਅਤੇ ਹਰ ਨਾਗਰਿਕ ਵਿੱਚ ਪਾਣੀ ਪ੍ਰਤੀ ਜਾਗਰੂਕਤਾ—ਇਹੀ ਪੰਜਾਬ ਨੂੰ ਪਾਣੀ ਸੰਕਟ ਤੋਂ ਬਾਹਰ ਕੱਢਣ ਦਾ ਰਾਹ ਹੈ।

ਭਗਤ ਰਹੀਮ ਜੀ ਨੇ ਵੀ 15ਵੀ ਸਤੱਬਦੀ ਵਿੱਚ ਆਪਣੇ ਦੋਹੇ ਰਾਹੀਂ ਪਾਣੀ ਬਚਾਉਣ ਦਾ ਹੋਕਾ ਦਿੱਤਾ ਸੀ:

ਰਹੀਮਨ ਪਾਣੀ ਰਾਖੀਏ, ਬਿਨੁ ਪਾਣੀ ਸਭ ਸੂਨ। ਪਾਣੀ ਗਏ ਨ ਊਬਰੈ, ਮੋਤੀ, ਮਾਨੁਖ, ਚੂਨ॥

**-ਛੱਤਰਪਾਲ ਸਿੰਘ**

Shaheedeazamnews.com

ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
9814632807

Shaheed-e-Azam Printed, publíshed and owned by Harjinder Chaudhary printed at Raftaar Printing Press, Factory Area, Patiaĺa and publíshed at Office Shaheed-e-Azam, Dukhniwaran Chowk Patiala.
Editor : Chhatarpal Singh
PRGI (RNI) Regd. No. 42354

ਨੋਟ : ਸੰਪਾਦਕ ਸਿਰਫ਼ ਪੀ ਆਰ ਬੀ ਐਕਟ ਅਧੀਨ ਖ਼ਬਰਾਂ ਲਈ ਜ਼ਿੰਮੇਵਾਰ ਕਿਸੇ ਵੀ ਕਿਸਮ ਦੇ ਝਗੜਿਆਂ ਦਾ ਨਿਪਟਾਰਾ ਸਿਰਫ਼ ਪਟਿਆਲਾ ਅਦਾਲਤ 'ਚ ਹੀ ਹੋਵੇਗਾ।

Shaheed-e-Azam, Daily Punjabi Newspaper, Patiala
Editor-in-Chief : Prabhjit Singh
Editor : Chhatarpal Singh
Contact : 93165-23260, 98146-32807
Email : seanewspatiala@gmail.com
www.shaheedeazamnews.com
For Advertisement : 93165-23260, 98146-32807

# ਮਨੁੱਖੀ ਰਿਸ਼ਤਿਆਂ ਦੇ ਬਦਲਦੇ ਸਮੀਕਰਨ ਅਤੇ ਪਰਿਪੇਖ; ਰਿਸ਼ਤੇ ਸਿਰਫ਼ ਖ਼ੂਨ ਦੀ ਵਿਰਾਸਤ ਨਹੀਂ, ਸਗੋਂ ਭਰੋਸੇ, ਸੰਵੇਦਨਾ ਅਤੇ ਸਮਰਪਣ ਦਾ ਸਭਿਆਚਾਰ ਹੁੰਦੇ ਹਨ



ਗੁਰਮੀਤ ਸਿੰਘ ਤੰਗ
ਬਿਊਰੋ ਚੀਫ਼.
9855221193

ਸ੍ਰਿਸ਼ਟੀ ਦੀ ਰਚਨਾ ਵਿੱਚ ਜੇਕਰ ਕੋਈ ਅਜਿਹਾ ਤੱਤ ਹੈ ਜੋ ਮਨੁੱਖ ਨੂੰ ਸਿਰਫ਼ ਜੀਵ ਨਹੀਂ, ਸਗੋਂ ਮਨੁੱਖ ਬਣਾਉਂਦਾ ਹੈ, ਤਾਂ ਉਹ ਹੈ—ਰਿਸ਼ਤਾ। ਮਨੁੱਖ ਦਾ ਪਹਿਲਾ ਰਿਸ਼ਤਾ ਮਾਂ ਦੀ ਕੁੱਖ ਨਾਲ ਜੁੜਦਾ ਹੈ, ਫਿਰ ਪਰਿਵਾਰ, ਸਮਾਜ, ਕੁਦਰਤ ਅਤੇ ਅੰਤ ਵਿੱਚ ਸਮੁੱਚੀ ਮਨੁੱਖਤਾ ਨਾਲ। ਰਿਸ਼ਤੇ ਮਨੁੱਖੀ ਜੀਵਨ ਦੀ ਉਹ ਅਦਿੱਖ ਡੋਰਾਂ ਹਨ ਜੋ ਸਮਾਜ ਨੂੰ ਜੋੜ ਕੇ ਰੱਖਦੀਆਂ ਹਨ। ਇਹ ਡੋਰ ਕਦੇ ਰੇਸ਼ਮ ਵਾਂਗ ਨਰਮ ਹੁੰਦੀ ਹੈ, ਕਦੇ ਲੋਹੇ ਵਾਂਗ ਮਜ਼ਬੂਤ ਅਤੇ ਕਦੇ ਕੱਚੇ ਧਾਗੇ ਵਾਂਗ ਇੰਨੀ ਨਾਜ਼ੁਕ ਕਿ ਇੱਕ ਝੂਠ, ਇੱਕ ਅਹੰਕਾਰ ਜਾਂ ਇੱਕ ਬੇਵਫ਼ਾਈ ਨਾਲ ਟੁੱਟ ਜਾਂਦੀ ਹੈ।

ਇੱਕ ਸਮਾਂ ਸੀ ਜਦੋਂ ਰਿਸ਼ਤਿਆਂ ਦੀ ਪਰਿਭਾਸ਼ਾ ਲਾਭ ਨਹੀਂ, ਲਗਾਵ ਹੁੰਦੀ ਸੀ। ਘਰ ਦੀਆਂ ਚਾਰ ਦਿਵਾਰੀਆਂ ਸਿਰਫ਼ ਇੱਟਾਂ ਦਾ ਢਾਂਚਾ ਨਹੀਂ, ਸਗੋਂ ਤਿੰਨ-ਤਿੰਨ ਪੀੜ੍ਹੀਆਂ ਦਾ ਸਾਂਝਾ ਸੰਸਾਰ ਹੁੰਦੀਆਂ ਸਨ। ਬਜ਼ੁਰਗ ਪਰਿਵਾਰ ਦੀਆਂ ਜੜ੍ਹਾਂ ਸਨ, ਨੌਜਵਾਨ ਟਾਹਣੀਆਂ ਅਤੇ ਬੱਚੇ ਨਵੀਆਂ ਕੋਪਲਾਂ। ਪਰ ਅੱਜ ਦੀ ਤੇਜ਼ ਰਫ਼ਤਾਰ, ਭੌਤਿਕਵਾਦੀ ਅਤੇ ਡਿਜ਼ੀਟਲ ਦੁਨੀਆ ਨੇ ਮਨੁੱਖੀ ਰਿਸ਼ਤਿਆਂ ਦੇ ਸਮੀਕਰਨਾਂ ਨੂੰ ਡੂੰਘਾਈ ਨਾਲ ਬਦਲ ਦਿੱਤਾ ਹੈ। ਬੇਸ਼ੱਕ ਰਿਸ਼ਤਿਆਂ ਦੀ ਗਿਣਤੀ ਵਧੀ ਹੈ, ਪਰ ਉਨ੍ਹਾਂ ਦੀ ਗਹਿਰਾਈ ਘੱਟਦੀ ਜਾ ਰਹੀ ਹੈ।

**ਰਿਸ਼ਤਿਆਂ ਦੀ ਅਸਲ ਪਰਿਭਾਸ਼ਾ**

ਰਿਸ਼ਤਾ ਉਹ ਨਹੀਂ ਜੋ ਸਿਰਫ਼ ਜਨਮ ਨਾਲ ਮਿਲ ਜਾਵੇ। ਰਿਸ਼ਤਾ ਉਹ ਹੈ ਜੋ ਭਰੋਸੇ ਨਾਲ ਬਣੇ, ਸਤਿਕਾਰ ਨਾਲ ਵਧੇ ਅਤੇ ਸਮਰਪਣ ਨਾਲ ਨਿਭੇ। ਖ਼ੂਨ ਦਾ ਰਿਸ਼ਤਾ ਮਨੁੱਖ ਨੂੰ ਪਰਿਵਾਰ ਦੇ ਸਕਦਾ ਹੈ, ਪਰ ਚਰਿੱਤਰ ਅਤੇ ਵਿਵਹਾਰ ਹੀ ਉਸ ਨੂੰ ਆਪਣਾਪਣ ਦਿੰਦੇ ਹਨ। ਇਸੇ ਲਈ ਇਤਿਹਾਸ ਗਵਾਹ ਹੈ ਕਿ ਕਈ ਵਾਰ ਗੈਰ ਆਪਣੇ ਬਣ ਜਾਂਦੇ ਹਨ ਅਤੇ ਆਪਣੇ ਬੇਗਾਨੇ ਹੋ ਜਾਂਦੇ ਹਨ।

ਰਿਸ਼ਤੇ ਕਿਸੇ ਕਾਨੂੰਨੀ ਦਸਤਾਵੇਜ਼ ਨਾਲ ਨਹੀਂ ਚੱਲਦੇ। ਉਨ੍ਹਾਂ ਦੀ ਅਸਲੀ ਨੀਂਹ ਵਿਸ਼ਵਾਸ, ਸੱਚਾਈ, ਸੰਵਾਦ ਅਤੇ ਸਹਿਣਸ਼ੀਲਤਾ ਹੈ। ਜਿੱਥੇ ਇਹ ਚਾਰ ਸਤੰਭ ਡਿੱਗ ਜਾਂਦੇ ਹਨ, ਉੱਥੇ ਰਿਸ਼ਤਿਆਂ ਦੀ ਇਮਾਰਤ ਵੀ ਢਹਿ ਜਾਂਦੀ ਹੈ।

**ਕੁਦਰਤੀ ਅਤੇ ਬਣਾਉਟੀ ਰਿਸ਼ਤੇ**

ਕੁਦਰਤ ਮਨੁੱਖ ਨੂੰ ਕੁਝ ਰਿਸ਼ਤੇ ਤੋਹਫ਼ੇ ਵਜੋਂ ਦਿੰਦੀ ਹੈ—ਮਾਂ, ਪਿਉ, ਭੈਣ, ਭਰਾ ਅਤੇ ਸੰਤਾਨ। ਇਹ ਰਿਸ਼ਤੇ ਮਨੁੱਖ ਦੀ ਪਹਿਲੀ ਪਾਠਸ਼ਾਲਾ ਹੁੰਦੇ ਹਨ। ਪਰਿਵਾਰ ਵਿੱਚ ਪਿਆਰ ਦਾ ਕੋਈ ਵਪਾਰ ਨਹੀਂ ਹੁੰਦਾ ਅਤੇ ਤਿਆਗ ਦਾ ਕੋਈ ਹਿਸਾਬ ਨਹੀਂ ਰੱਖਿਆ ਜਾਂਦਾ।

ਦੂਜੇ ਪਾਸੇ, ਸਮਾਜ ਵਿੱਚ ਬਣਦੇ ਰਿਸ਼ਤੇ—ਦੋਸਤੀ, ਕਾਰੋਬਾਰੀ ਸਾਂਝ, ਰਾਜਨੀਤਿਕ ਸਬੰਧ, ਪੇਸ਼ੇਵਰ ਸੰਪਰਕ ਜਾਂ ਸਮਾਜਿਕ ਜਾਣ-ਪਛਾਣ—ਮਨੁੱਖ ਖ਼ੁਦ ਬਣਾਉਂਦਾ ਹੈ। ਇਹ ਰਿਸ਼ਤੇ ਤਦ ਤੱਕ ਮਜ਼ਬੂਤ ਰਹਿੰਦੇ ਹਨ ਜਦ ਤੱਕ ਉਨ੍ਹਾਂ ਵਿੱਚ ਇਮਾਨਦਾਰੀ ਅਤੇ ਆਪਸੀ ਸਤਿਕਾਰ ਕਾਇਮ ਰਹਿੰਦਾ ਹੈ। ਜਿੱਥੇ ਦਿਖਾਵਾ ਅਤੇ ਸਵਾਰਥ ਹਾਵੀ ਹੋ ਜਾਂਦੇ ਹਨ, ਉੱਥੇ ਰਿਸ਼ਤੇ ਸਿਰਫ਼ ਰਸਮਾਂ ਬਣ ਕੇ ਰਹਿ ਜਾਂਦੇ ਹਨ।

ਅੱਜ ਸੋਸ਼ਲ ਮੀਡੀਆ ਨੇ ਹਜ਼ਾਰਾਂ ਦੋਸਤ ਤਾਂ ਦੇ ਦਿੱਤੇ ਹਨ, ਪਰ ਉਹ ਇੱਕ ਅਜਿਹਾ ਦੋਸਤ ਨਹੀਂ ਦੇ ਸਕਿਆ ਜਿਸ ਦੇ ਮੋਢੇ 'ਤੇ ਸਿਰ ਰੱਖ ਕੇ ਮਨੁੱਖ ਆਪਣਾ ਦੁਖੜਾ ਰੋ ਸਕੇ।

**ਮਤਲਬ ਦੇ ਰਿਸ਼ਤੇ: ਆਧੁਨਿਕ ਸਮਾਜ ਦੀ ਨਵੀਂ ਹਕੀਕਤ**

ਸਮੇਂ ਨੇ ਰਿਸ਼ਤਿਆਂ ਨੂੰ ਇੱਕ ਨਵੀਂ ਸ਼੍ਰੇਣੀ ਦਿੱਤੀ ਹੈ- ਮਤਲਬ ਦੇ ਰਿਸ਼ਤੇ।

ਇਹ ਉਹ ਰਿਸ਼ਤੇ ਹਨ ਜੋ ਸਹੂਲਤ, ਅਹੁਦੇ, ਪੈਸੇ, ਪ੍ਰਭਾਵ ਜਾਂ ਨਿੱਜੀ ਲਾਭ ਲਈ ਬਣਾਏ ਜਾਂਦੇ ਹਨ। ਜਦ ਤੱਕ ਲੋੜ ਰਹਿੰਦੀ ਹੈ, ਰਿਸ਼ਤੇ ਵੀ ਰਹਿੰਦੇ ਹਨ; ਮਤਲਬ ਖ਼ਤਮ ਹੋਣ 'ਤੇ ਨਾ ਫ਼ੋਨ ਆਉਂਦਾ ਹੈ, ਨਾ ਸੁਨੇਹਾ ਅਤੇ ਨਾ ਹੀ ਹਾਲ-ਚਾਲ ਪੁੱਛਿਆ ਜਾਂਦਾ ਹੈ। ਲੋੜ ਖ਼ਤਮ-ਰਿਸ਼ਤਾ ਖ਼ਤਮ।

ਰਾਜਨੀਤੀ, ਵਪਾਰ, ਕਾਰਪੋਰੇਟ ਜਗਤ ਅਤੇ ਕਈ ਵਾਰ ਪਰਿਵਾਰਾਂ ਵਿੱਚ ਵੀ ਅਜਿਹੇ ਰਿਸ਼ਤੇ ਵੇਖਣ ਨੂੰ ਮਿਲਦੇ ਹਨ। ਇਹ ਰਿਸ਼ਤੇ ਮਨੁੱਖ ਨੂੰ ਸਮੇਂ-ਸਿਰ ਸਹਾਰਦੇ ਦੇਣ , ਪਰ ਜ਼ਿੰਦਗੀ ਦਾ ਸਹਾਰਾ ਨਹੀਂ ਬਣ ਸਕਦੇ।

**ਰਿਸ਼ਤਿਆਂ ਵਿੱਚ ਅਹੰਕਾਰ ਅਤੇ ਧੌਂਸ**

ਰਿਸ਼ਤਿਆਂ ਦਾ ਸਭ ਤੋਂ ਵੱਡਾ ਦੁਸ਼ਮਣ ਅਹੰਕਾਰ ਹੈ।

ਜਦੋਂ ਉਮਰ, ਅਹੁਦਾ, ਦੌਲਤ, ਸਿੱਖਿਆ ਜਾਂ ਸਮਾਜਿਕ ਰੁਤਬਾ ਮਨੁੱਖ ਨੂੰ ਨਿਮਰ ਬਣਾਉਣ ਦੀ ਬਜਾਏ ਦੂਜਿਆਂ 'ਤੇ ਹਾਵੀ ਹੋਣ ਦੀ ਪ੍ਰਵਿਰਤੀ ਦੇਵੇ, ਤਾਂ ਰਿਸ਼ਤੇ ਬਰਾਬਰੀ ਤੋਂ ਹਟ ਕੇ ਹਕੂਮਤ ਵਿੱਚ ਬਦਲ ਜਾਂਦੇ ਹਨ।

ਮਾਪਿਆਂ ਦਾ ਪਿਆਰ ਜੇ ਧੌਂਸ ਬਣ ਜਾਵੇ, ਗੁਰੂ ਦੀ ਸਿੱਖਿਆ ਜੇ ਅਪਮਾਨ ਬਣ ਜਾਵੇ, ਅਧਿਕਾਰੀ ਦੀ ਜ਼ਿੰਮੇਵਾਰੀ ਜੇ ਰੌਬ ਬਣ ਜਾਵੇ ਅਤੇ ਧਨਵਾਨ ਦਾ ਸਹਿਯੋਗ ਜੇ ਅਹਿਸਾਨ ਬਣ ਜਾਵੇ, ਤਾਂ ਉੱਥੇ ਰਿਸ਼ਤੇ ਨਹੀਂ, ਸਿਰਫ਼ ਅਧਿਕਾਰਾਂ ਦਾ ਪ੍ਰਦਰਸ਼ਨ ਰਹਿ ਜਾਂਦਾ ਹੈ।

ਸੱਚਾ ਰਿਸ਼ਤਾ ਉਹੀ ਹੈ ਜਿਸ ਵਿੱਚ ਸਤਿਕਾਰ ਕਮਾਇਆ ਜਾਵੇ, ਮੰਗਿਆ ਨਾ ਜਾਵੇ।

**ਸੰਸਥਾਗਤ ਰਿਸ਼ਤਿਆਂ ਦਾ ਨਵਾਂ ਦੌਰ**

ਆਧੁਨਿਕ ਸਮਾਜ ਵਿੱਚ ਮਨੁੱਖ ਦਾ ਵੱਡਾ ਹਿੱਸਾ ਪਰਿਵਾਰ ਨਾਲੋਂ ਵੱਧ ਸਮਾਂ ਸੰਸਥਾਵਾਂ ਵਿੱਚ ਬਿਤਾਉਂਦਾ ਹੈ— ਸਕੂਲਾਂ, ਯੂਨੀਵਰਸਿਟੀਆਂ, ਦਫ਼ਤਰਾਂ, ਹਸਪਤਾਲਾਂ, ਮੀਡੀਆ ਘਰਾਂ, ਸਮਾਜਿਕ ਸੰਸਥਾਵਾਂ ਅਤੇ ਰਾਜਨੀਤਿਕ ਸੰਗਠਨਾਂ ਵਿੱਚ।

ਇੱਥੇ ਬਣਦੇ ਰਿਸ਼ਤੇ ਨਿੱਜੀ ਨਹੀਂ, ਪੇਸ਼ੇਵਰ ਹੁੰਦੇ ਹਨ। ਇਨ੍ਹਾਂ ਦਾ ਆਧਾਰ ਨਿਯਮ, ਅਨੁਸ਼ਾਸਨ ਅਤੇ ਜ਼ਿੰਮੇਵਾਰੀ ਹੁੰਦਾ ਹੈ। ਪਰ ਜਦੋਂ ਇਨ੍ਹਾਂ ਵਿੱਚ ਮਨੁੱਖੀ ਸੰਵੇਦਨਾ ਸ਼ਾਮਲ ਹੋ ਜਾਂਦੀ ਹੈ, ਤਾਂ ਇਹ ਰਿਸ਼ਤੇ ਜੀਵਨ ਭਰ ਦੀ ਦੋਸਤੀ ਅਤੇ ਭਰੋਸੇ ਵਿੱਚ ਵੀ ਬਦਲ ਸਕਦੇ ਹਨ।

ਸੰਸਥਾਵਾਂ ਸਿਰਫ਼ ਨਿਯਮਾਂ ਨਾਲ ਨਹੀਂ, ਸਗੋਂ ਆਪਸੀ ਭਰੋਸੇ ਨਾਲ ਮਜ਼ਬੂਤ ਹੁੰਦੀਆਂ ਹਨ।

**ਰਿਸ਼ਤਿਆਂ ਦੀ ਕੱਚੀ ਤੰਦ**

ਪੰਜਾਬੀ ਲੋਕ-ਸੱਭਿਆਚਾਰ ਵਿੱਚ ਰਿਸ਼ਤਿਆਂ ਨੂੰ ਅਕਸਰ ਕੱਚੀ ਤੰਦ ਨਾਲ ਜੋੜਿਆ ਗਿਆ ਹੈ। ਇਹ ਉਪਮਾ ਬਹੁਤ ਡੂੰਘੀ ਹੈ।

ਇੱਕ ਕੱਚਾ ਧਾਗਾ ਬਹੁਤ ਹੌਲੀ ਜਿਹਾ ਖਿੱਚਣ ਨਾਲ ਵੀ ਟੁੱਟ ਸਕਦਾ ਹੈ, ਪਰ ਜੇ ਉਸ ਨੂੰ ਸੰਭਾਲ ਕੇ ਰੱਖਿਆ ਜਾਵੇ ਤਾਂ ਉਹ ਸਾਲਾਂ ਤੱਕ ਜੁੜਿਆ ਰਹਿੰਦਾ ਹੈ। ਵੱਡ-ਵਡਵਡੇਰਿਆਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਕਸਰ ਤੋੜੇ ਰਿਸ਼ਤੇ ਨੂੰ ਬਿਨਾ ਸੋਚੇ ਅਤੇ ਭਾਵੁਕਤਾ ਵਿੱਚ ਜੋੜਨ ਪੁਰੰਤ ਉਹ ਰਿਸ਼ਤਾ ਆਪਣੀ ਗੁਆਚੀ ਉਪਾਦੀ/ ਸਤਿਕਾਰ ਲੋਚਦਾ/ ਖੁਰਚਦਾ ਹੋਇਆ ਨਿਮਰਤਾ -ਸਤਿਕਾਰ ਨਾਲ ਨਹੀਂ ਸਗੋਂ ਆਪਣੀ ਫੋਕੀ/ਬਨਾਉਟੀ ਧੌਂਸ ਅਤੇ ਹੋਰ ਬੇਲੋੜੇ ਤੱਥਾਂ ਤਹਿਤ ਬਲੈਕਲਿੰਗ ,ਗੱਲ ਗੱਲ ਉੱਤੇ ਰਿਸ਼ਤਾ ਤੋੜਨ ਅਤੇ ਆਵਾ ਤਵਾ ਬੋਲਣ ਦੀ ਚੌੜ ਕਰਦਾ ਹੋਇਆ ਉਸ ਰਿਸ਼ਤਾ ਜੋੜਨ ਵਾਲੇ ਨੂੰ ਅੰਦਰ ਤੱਕ ਹਿਲਾ ਦਿੰਦੀ ਹੈ ਉਸ ਦੇ ਪਛਤਾਵਾ ਹੀ ਪੱਲੇ ਪੈਂਦਾ ਹੈ।

ਰਿਸ਼ਤਿਆਂ ਦੀ ਤੰਦ ਨੂੰ ਮਜ਼ਬੂਤ ਕਰਨ ਵਾਲੇ ਮਹੱਤਵਪੂਰਨ ਤੱਤ :

* ਵਿਸ਼ਵਾਸ
* ਸੰਵਾਦ
* ਮਾਫ਼ੀ
* ਸਹਿਣਸ਼ੀਲਤਾ
* ਨਿਮਰਤਾ
* ਸਮਾਂ
* ਤਿਆਗ

ਰਿਸ਼ਤੇ ਨੂੰ ਕਮਜ਼ੋਰ ਕਰਨ ਵਾਲੇ ਤੱਤ:

* ਸ਼ੱਕ
* ਝੂਠ
* ਸਵਾਰਥ
* ਤੁਲਨਾ
* ਅਹੰਕਾਰ
* ਈਰਖਾ
* ਬੇਰੁਖ਼ੀ
* ?ਧੌਂਸ-ਆਕੜ

ਰਿਸ਼ਤੇ ਕਦੇ ਇੱਕੋ ਦਿਨ ਵਿੱਚ ਨਹੀਂ ਟੁੱਟਦੇ; ਉਹ ਹਰ ਰੋਜ਼ ਥੋੜ੍ਹਾ-ਥੋੜ੍ਹਾ ਕਰਕੇ ਕਮਜ਼ੋਰ ਹੁੰਦੇ ਹਨ।

**ਪੁਰਾਣੇ ਅਤੇ ਨਵੇਂ ਜ਼ਮਾਨੇ ਦੇ ਰਿਸ਼ਤਿਆਂ ਵਿੱਚ ਅੰਤਰ**

ਪੁਰਾਣੇ ਸਮਾਜ ਵਿੱਚ ਰਿਸ਼ਤੇ ਸਮੇਂ ਨਾਲ ਮਜ਼ਬੂਤ ਹੁੰਦੇ ਸਨ, ਅੱਜ ਕਈ ਵਾਰ ਸਮੇਂ ਦੀ ਕਮੀ ਕਾਰਨ ਕਮਜ਼ੋਰ ਹੋ ਰਹੇ ਹਨ।

ਪਹਿਲਾਂ ਪਰਿਵਾਰ ਮਿਲ ਕੇ ਖਾਣਾ ਖਾਂਦੇ ਸਨ, ਅੱਜ ਇੱਕੋ ਘਰ ਵਿੱਚ ਬੈਠੇ ਲੋਕ ਵੱਖ-ਵੱਖ ਸਕ੍ਰੀਨਾਂ 'ਤੇ ਜੀ ਰਹੇ ਹਨ।

ਪਹਿਲਾਂ ਦੁੱਖ ਸਾਂਝੇ ਹੁੰਦੇ ਸਨ ਅਤੇ ਸੰਯੁਕਤ ਪਰਿਵਾਰ ਵੱਲੋਂ ਸੁਲਝਾਏ ਜਾਂਦੇ ਐਨ ਜਾਂ ਵੰਡ ਲਏ ਜਾਂਦੇ ਸਨ , ਅੱਜ ਸਿਰਫ਼ ਸਫ਼ਲਤਾਵਾਂ ਦੀਆਂ ਤਸਵੀਰਾਂ ਸਾਂਝੀਆਂ ਹੁੰਦੀਆਂ ਹਨ।

ਪਹਿਲਾਂ ਘਰਾਂ ਵਿੱਚ ਸੰਵਾਦ ਹੁੰਦਾ ਸੀ, ਅੱਜ ਨੋਟੀਫਿਕੇਸ਼ਨ ਹਨ।

ਪਹਿਲਾਂ ਲੋਕ ਰਿਸ਼ਤੇ ਨਿਭਾਉਣ ਲਈ ਆਪਣਾ ਅਹੰਕਾਰ ਛੱਡ ਦਿੰਦੇ ਸਨ, ਅੱਜ ਕਈ ਵਾਰ ਅਹੰਕਾਰ ਬਚਾਉਣ ਲਈ ਰਿਸ਼ਤੇ ਛੱਡ ਦਿੰਦੇ ਹਨ।

**ਕੀ ਆਧੁਨਿਕਤਾ ਰਿਸ਼ਤਿਆਂ ਦੀ ਦੁਸ਼ਮਣ ਹੈ ?**

ਨਹੀਂ।

ਆਧੁਨਿਕਤਾ ਕਦੇ ਵੀ ਰਿਸ਼ਤਿਆਂ ਦੀ ਦੁਸ਼ਮਣ ਨਹੀਂ ਹੋ ਸਕਦੀ। ਦੁਸ਼ਮਣ ਹੈ ਮਨੁੱਖ ਦੀ ਸੋਚ।

ਤਕਨਾਲੋਜੀ ਨੇ ਸਾਨੂੰ ਦੁਨੀਆ ਨਾਲ ਜੋੜਿਆ ਹੈ, ਪਰ ਆਪਣੇ ਘਰ ਦੇ ਲੋਕਾਂ ਤੋਂ ਦੂਰ ਨਹੀਂ ਕੀਤਾ; ਇਹ ਫ਼ੈਸਲਾ ਅਸੀਂ ਖ਼ੁਦ ਕੀਤਾ ਹੈ। ਮੋਬਾਈਲ, ਇੰਟਰਨੈੱਟ ਅਤੇ ਸੋਸ਼ਲ ਮੀਡੀਆ ਸਾਧਨ ਹਨ, ਰਿਸ਼ਤਿਆਂ ਦੇ ਬਦਲ ਨਹੀਂ।

ਜੇ ਮਨੁੱਖ ਸੰਵਾਦ, ਸਮਾਂ ਅਤੇ ਸੰਵੇਦਨਾ ਨੂੰ ਤਰਜੀਹ ਦੇਵੇ ਤਾਂ ਆਧੁਨਿਕ ਜੀਵਨ ਵਿੱਚ ਵੀ ਰਿਸ਼ਤੇ ਪਹਿਲਾਂ ਨਾਲੋਂ ਵੱਧ ਮਜ਼ਬੂਤ ਹੋ ਸਕਦੇ ਹਨ।

**ਰਿਸ਼ਤੇਦਾਰੀ ਦੀ ਪਰਖ / ਫ਼ਲਸਫ਼ਾ.**

ਅੱਜ ਦੀਆਂ ਰਿਸ਼ਤਿਆਂ ਦਾ ਮੇਲਾ ਸਿਰਫ਼ ਮੌਤ ਜਾਂ ਜਨਮਦਿਨ ਵੇਲੇ ਹੀ ਦਿਸਦਾ ਹੈ।

ਅੱਜ ਦੇ ਵਿਆਹ - ਸ਼ਾਦੀਆਂ ਦੇ ਦੌਰ ਵਿੱਚ ਹਜ਼ਾਰਾਂ ਮਹਿਮਾਨਾਂ ਨੂੰ ਬੁਲਾ ਕੇ ਓਹਨਾ ਦੀ ਖ਼ਾਤਰਦਾਰੀ ਉੱਤੇ ਖਰਚੇ ਲੱਖਾ-ਕਰੋੜਾਂ ਦਾ ਮੁੱਲ ਉਦੋਂ ਪੈਂਦਾ ਹੈ ਜਦੋਂ ਉਸ ਲਾੜਾ-ਲੜੀ ਦੇ ਵਿਆਹੁਤਾ ਜੀਵਨ ਵਿੱਚ ਪੈਦਾ ਹੋਈ ਅਣਜਾਣੇ ਜਾਂ ਬੇਸਮਝੀ ਤਹਿਤ ਤਲਖੀ/ਮਤਭੇਦ ਕਾਰਨ ਹੋਏ ਵਖਰੇਵੇਂ ਨੂੰ ਸੁਲਝਾਉਣ ਲਈ ਕੋਈ ਸਾਥ ਨਹੀਂ ਦਿੰਦਾ. ਫਿਰ ਇਹ ਕਿੱਸਾ ਥਾਣਿਆਂ ਕਚਹਿਰੀਆਂ ਤੋਂ ਹੁੰਦਾ ਹੋਇ ਨਮੋਸ਼ੀ ਅਤੇ ਗੁੰਮਨਾਮੀ ਦੀਆਂ ਭੀੜੀਆਂ ਗਲੀਆਂ ਵਿਚੋਂ ਹੁੰਦਾ ਹੋਇਆ ਉਸ ਸਮਾਜ ਵਿੱਚ ਪਹੁੰਚ ਜਾਂਦਾ ਹੈ ਜਿੱਥੋਂ ਪਰਤਣਾ ਮੁਸ਼ਕਿਲ ਹੈ । ਵਿਹਾਅ ਦੀ ਮੂਵੀ ਅਤੇ ਫ਼ੋਟੋ ਐਲਬਮ ਵਿਆਹ ਵਾਲੇ ਵੱਡੇ ਇਕੱਠ ਵਾਲੀ ਘਟਨਾ ਦਾ ਸਿਰਫ਼ ਇਤਿਹਾਸ ਮਾਤਰ ਬਣ ਕੇ ਰਹਿ ਜਾਂਦੀ ਹੈ।

**ਨਿਸ਼ਕਰਸ਼**

ਮਨੁੱਖੀ ਸਭਿਅਤਾ ਦਾ ਭਵਿੱਖ ਨਾ ਹਥਿਆਰਾਂ ਨਾਲ ਤੈਅ ਹੋਵੇਗਾ, ਨਾ ਆਰਥਿਕ ਤਾਕਤ ਨਾਲ ਅਤੇ ਨਾ ਹੀ ਤਕਨਾਲੋਜੀ ਨਾਲ। ਇਸ ਦਾ ਅਸਲ ਭਵਿੱਖ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਅਸੀਂ ਆਪਣੇ ਰਿਸ਼ਤਿਆਂ ਨੂੰ ਕਿੰਨੀ ਇਮਾਨਦਾਰੀ ਨਾਲ ਜਿਉਂਦੇ ਹਾਂ।

ਜੇ ਪਰਿਵਾਰ ਟੁੱਟਣਗੇ ਤਾਂ ਸਮਾਜ ਟੁੱਟੇਗਾ, ਸਮਾਜ ਟੁੱਟੇਗਾ ਤਾਂ ਰਾਸ਼ਟਰ ਵੀ ਕਮਜ਼ੋਰ ਹੋਵੇਗਾ। ਇਸ ਲਈ ਰਿਸ਼ਤਿਆਂ ਨੂੰ ਬਚਾਉਣਾ ਸਿਰਫ਼ ਨਿੱਜੀ ਲੋੜ ਨਹੀਂ, ਸਗੋਂ ਸਮਾਜਿਕ ਜ਼ਿੰਮੇਵਾਰੀ ਵੀ ਹੈ।

**ਸੰਦੇਸ਼:**

ਰਿਸ਼ਤੇ ਰੁੱਖਾਂ ਵਾਂਗ ਹੁੰਦੇ ਹਨ। ਉਨ੍ਹਾਂ ਨੂੰ ਹੁਕਮਾਂ ਨਾਲ ਨਹੀਂ, ਸਗੋਂ ਪਿਆਰ, ਭਰੋਸੇ, ਧੀਰਜ ਅਤੇ ਸਮੇਂ ਦੇ ਪਾਣੀ ਨਾਲ ਸੀਂਚਣਾ ਪੈਂਦਾ ਹੈ। ਜੇ ਜੜ੍ਹਾਂ ਮਜ਼ਬੂਤ ਰਹਿਣ, ਤਾਂ ਸਮੇਂ ਦੇ ਸਭ ਤੋਂ ਭਿਆਨਕ ਤੂਫ਼ਾਨ ਵੀ ਉਨ੍ਹਾਂ ਨੂੰ ਡਿਗਾ ਨਹੀਂ ਸਕਦੇ। ਪਰ ਜੇ ਜੜ੍ਹਾਂ ਵਿੱਚ ਸਵਾਰਥ, ਅਹੰਕਾਰ ਅਤੇ ਬੇਵਿਸ਼ਵਾਸ ਦੀ ਦੀਮਕ ਲੱਗ ਜਾਵੇ, ਤਾਂ ਸਭ ਤੋਂ ਹਰਾ-ਭਰਾ ਰੁੱਖ ਵੀ ਇੱਕ ਦਿਨ ਅੰਦਰੋਂ ਖੋਖਲਾ ਹੋ ਜਾਂਦਾ ਹੈ।

ਅੱਜ ਦੀ ਸਭ ਤੋਂ ਵੱਡੀ ਲੋੜ ਇਹ ਨਹੀਂ ਕਿ ਅਸੀਂ ਨਵੇਂ ਰਿਸ਼ਤੇ ਬਣਾਈਏ, ਸਗੋਂ ਇਹ ਹੈ ਕਿ ਜੋ ਰਿਸ਼ਤੇ ਸਾਡੇ ਕੋਲ ਹਨ, ਉਨ੍ਹਾਂ ਨੂੰ ਮਨੁੱਖਤਾ, ਸੰਵੇਦਨਾ ਅਤੇ ਵਿਸ਼ਵਾਸ ਨਾਲ ਜਿਉਂਦਾ ਰੱਖੀਏ। ਕਿਉਂਕਿ ਜਦੋਂ ਰਿਸ਼ਤੇ ਬਚਦੇ ਹਨ, ਤਦੋਂ ਹੀ ਮਨੁੱਖਤਾ ਬਚਦੀ ਹੈ।

# ਸ਼ਹੀਦ ਊਧਮ ਸਿੰਘ ਜੀ ਦੇ 86ਵੇ ਸ਼ਹੀਦੀ ਦਿਹਾੜੇ ਮੌਕੇ ਉਹਨਾਂ ਨੂੰ ਬੂਟੇ ਲਗਾ ਕੇ ਸ਼ਰਧਾਂਜਲੀ ਭੇਟ ਕਰਨਾ ਸ਼ਲਾਘਾਯੋਗ ਉਪਰਾਲਾ : ਸੁਖਜਿੰਦਰ ਬਾਜਵਾ

**ਪਟਿਆਲਾ, 31 ਜੁਲਾਈ**
**-ਜੀ. ਐਸ. ਤੁੰਗ-**

ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਵੱਲੋਂ ਸਮਾਜ ਸੇਵੀ ਸੰਸਥਾਵਾਂ ਜਨ ਹਿੱਤ ਸੰਮਤੀ, ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਨਾਲ ਡਾਇਰੈਕਟਰ ਜਨਰਲ ਆਫ ਪੁਲਿਸ ਗੌਰਵ ਯਾਦਵ, ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ ਕਾਮਊਨਿਟੀ ਅਫੇਅਰ ਡਵੀਜ਼ਨ ਪੰਜਾਬ ਗੁਰਪ੍ਰੀਤ ਕੌਰ ਦਿਓ, ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ, ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ, ਐਸ ਪੀ ਹੈਡਕੁਆਰਟਰ -ਕਮ- ਜ਼ਿਲ੍ਹਾ ਕਾਮਊਨਿਟੀ ਅਫ਼ਸਰ ਵੈਭਵ ਚੋਧਰੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਦੇ ਦਿਸ਼ਾ-ਨਿਰਦੇਸ਼ਾਂ ਸ਼ਹੀਦ-ਏ-ਆਜ਼ਮ ਸਰਦਾਰ ਊਧਮ ਸਿੰਘ ਜੀ ਦੇ 86ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੰਜਾਬ ਪੁਲਿਸ ਵੱਲੋਂ ਚਲਾਈ ਜਾ ਰਹੀ ਇਸ ਵਰਖਾ ਰੁੱਤ 'ਬਣੋ ਰੁੱਖ ਮਿੱਤਰ' ਮੁਹਿੰਮ ਤਹਿਤ ਵੱਡੇ ਪੱਧਰ ਤੇ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਨਾਭਾ ਰੋਡ ਪਟਿਆਲਾ ਦੇ ਅੰਦਰ ਬੂਟੇ ਲਗਾਉਣ ਦੀ ਮੁਹਿੰਮ ਚਲਾਈ ਗਈ। ਜਿਸ ਵਿੱਚ ਮੁੱਖ ਮਹਿਮਾਨ ਸੁਖਜਿੰਦਰ ਸਿੰਘ ਬਾਜਵਾ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ, ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ। ਇਸ ਮੌਕੇ ਲੈਫਟੀਨੈਂਟ ਜਗਦੀਪ ਸਿੰਘ ਜੋਸ਼ੀ ਟ੍ਰੇਨਿੰਗ ਅਫ਼ਸਰ ਸਰਕਾਰੀ ਆਈ ਟੀ ਆਈ ਲੜਕੇ ਨਾਭਾ ਰੋਡ ਪਟਿਆਲਾ ਨੇ ਸਾਰੇ ਆਏਂ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ, ਸਿੱਖਿਆ ਸ਼ਾਸਤਰੀ ਅਨਿਲ ਭਾਰਤੀ, ਸਤੀਸ਼ ਜੋਸ਼ੀ, ਅਨਿਲ ਖੰਨਾ, ਸੁਖਵੰਤ ਸਿੰਘ, ਅਵਤਾਰ ਸਿੰਘ, ਰੁਦਰਪ੍ਰਤਾਪ ਸਿੰਘ ਬੀ ਸੀ ਏ





ਵਿਦਿਆਰਥੀ ਗੋਰਮਿੰਟ ਬਿਕਰਮ ਕਾਲਜ ਆਫ ਕਾਮਰਸ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਭਿੰਦਰ ਜਲਵੇੜਾ, ਗੁਰਸਾਹਿਬ ਸਿੰਘ, ਗੁਰਕੀਰਤ ਸਿੰਘ,ਗੁਰਮਨਜੋਤ ਕੋਰ, ਖੁਸ਼ਪ੍ਰੀਤ ਕੋਰ, ਗਗਨਪ੍ਰੀਤ ਕੋਰ, ਕਰਨਬੀਰ ਸਿੰਘ ਵੀ ਹਾਜ਼ਰ ਸਨ।ਇਸ ਮੌਕੇ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਦੇ ਇੰਚਾਰਜ ਸੁਖਜਿੰਦਰ ਸਿੰਘ ਬਾਜਵਾ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਵੱਲੋਂ ਸ਼ਹੀਦ ਊਧਮ ਸਿੰਘ ਜੀ ਦੇ ਜੀਵਨ, ਉਨ੍ਹਾਂ ਦੀ ਦੇਸ਼ ਭਗਤੀ ਅਤੇ ਜਲ੍ਹਿਆਂਵਾਲਾ ਬਾਗ ਦੇ ਖ਼ੂਨੀ ਸਾਕੇ ਦਾ ਬਦਲਾ ਲੈਣ ਲਈ ਉਨ੍ਹਾਂ ਵੱਲੋਂ ਦਿੱਤੀ ਗਈ ਮਹਾਨ ਕੁਰਬਾਨੀ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ ਗਿਆ। ਉਨ੍ਹਾਂ ਕਿਹਾ ਕਿ ਸ਼ਹੀਦ ਊਧਮ ਸਿੰਘ ਜੀ ਦਾ ਜੀਵਨ ਅੱਜ ਦੇ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਹੈ ਅਤੇ ਸਾਨੂੰ ਉਨ੍ਹਾਂ ਦੇ ਦਰਸਾਏ ਮਾਰਗ ਤੇ ਚੱਲ ਕੇ ਦੇਸ਼ ਅਤੇ ਸਮਾਜ ਦੀ ਸੇਵਾ ਕਰਨੀ ਚਾਹੀਦੀ ਹੈ।

ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਸਿਰਫ ਅਮਨ ਕਾਨੂੰਨ ਦੀ ਵਿਵਸਥਾ ਹੀ ਨਹੀਂ, ਸਗੋਂ ਸਮਾਜਿਕ ਅਤੇ ਵਾਤਾਵਰਨ ਦੀ ਸੁਰੱਖਿਆ ਲਈ ਵੀ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਵਰਖਾ ਰੁੱਤ ਬੂਟੇ ਲਗਾਉਣ ਲਈ ਸਭ ਤੋਂ ਉੱਤਮ ਸਮਾਂ ਹੈ, ਇਸ ਲਈ ਹਰ ਨਾਗਰਿਕ ਨੂੰ ਘੱਟੋ-ਘੱਟ ਇੱਕ ਬੂਟਾ ਲਗਾ ਕੇ ਉਸਦਾ ਮਿੱਤਰ ਬਣਨਾ ਚਾਹੀਦਾ ਹੈ। ਰੁੱਖ ਸਾਡੇ ਜੀਵਨ ਦਾ ਅਧਾਰ ਹਨ, ਇਹ ਸਾਨੂੰ ਆਕਸੀਜਨ ਦਿੰਦੇ ਹਨ, ਧਰਤੀ ਦੇ ਤਾਪਮਾਨ ਨੂੰ ਕੰਟਰੋਲ ਕਰਦੇ ਹਨ ਅਤੇ ਵਾਤਾਵਰਨ ਨੂੰ ਸ਼ੁੱਧ ਰੱਖਦੇ ਹਨ।

ਇਸ ਮੌਕੇ ਲਗਭਗ 40 ਦੇ ਕਰੀਬ, ਫਲਦਾਰ ਬੂਟੇ ਜਾਮੁਨ, ਅਮਰੂਦ, ਚੀਕੂ, ਨਾਸ਼ਪਾਤੀ, ਆੜੂ ਦੇ ਬੂਟੇ ਲਗਾਏ ਗਏ। ਇਸ ਮੌਕੇ ਸੰਸਥਾਵਾਂ ਦੇ ਮੈਂਬਰਾਂ ਵੱਲੋਂ ਇਹ ਪ੍ਰਣ ਵੀ ਲਿਆ ਗਿਆ ਕਿ ਉਹ ਨਾ ਸਿਰਫ ਬੂਟੇ ਲਗਾਉਣਗੇ, ਸਗੋਂ ਉਨ੍ਹਾਂ ਦੀ ਪਾਣੀ ਦੇ ਕੇ ਪੂਰੀ ਦੇਖਭਾਲ ਵੀ ਕਰਨਗੇ, ਤਾਂ ਜੋ ਇਹ ਬੂਟੇ ਵੱਡੇ ਹੋ ਕੇ ਰੁੱਖ ਬਣ ਸਕਣ। ਇਸ ਪ੍ਰੋਗਰਾਮ ਦੇ ਅਖੀਰ ਵਿਚ ਸਾਰਿਆਂ ਨੇ ਸ਼ਹੀਦ ਊਧਮ ਸਿੰਘ ਜੀ ਅਮਰ ਰਹੇ ਦੇ ਨਾਅਰੇ ਲਗਾਏ ਅਤੇ ਵਾਤਾਵਰਨ ਨੂੰ ਹਰਿਆ-ਭਰਿਆ ਬਣਾਉਣ ਦਾ ਸੰਕਲਪ ਲਿਆ।

# ਦੇਸ਼ ਅਤੇ ਕੌਮ ਖਾਤਿਰ ਸ਼ਹੀਦ ਹੋਣ ਵਾਲੇ ਸਭ ਧਰਮਾਂ ਅਤੇ ਮਜ਼ਬਾਂ ਦੇ ਸਾਂਝੇ ਹੁੰਦੇ ਹਨ: ਇੰਦਰਜੀਤ ਸਿੰਘ ਸੰਧੂ

**ਸਨੌਰ,31 ਜੁਲਾਈ**
**-ਸ਼ਹੀਦ-ਏ-ਆਜ਼ਮ-ਬਿਊਰੋ-**

ਹਲਕਾ ਸਨੌਰ ਚ ਪਿਛਲੇ ਤਿੰਨ ਦਿਨਾਂ ਤੋਂ ਸਰਦਾਰ ਉਧਮ ਸਿੰਘ ਜੀ ਸਮਰਪਿਤ ਸ਼ਹੀਦੀ ਸਮਾਗਮ ਚੱਲ ਰਹੇ ਹਨ, ਅੱਜ ਫਿਰ ਕਨਵੇਅਰ ਦੇ ਚੇਅਰਮੈਨ ਸਰਦਾਰ ਇੰਦਰਜੀਤ ਸਿੰਘ ਸੰਧੂ ਨੇ ਆਪਣੀ ਟੀਮ ਸਮੇਤ ਵੱਖ ਵੱਖ ਸਮਾਗਮਾਂ ਚ ਹਾਜ਼ਿਰੀ ਲੁਆਈ ।

ਸਰਦਾਰ ਸੰਧੂ ਨੇ ਊਧਮ ਸਿੰਘ ਪਾਰਕ ਸਨੌਰ ਵਿੱਖੇ ਨਤਮਸਤਕ ਹੋ ਸ਼ਹੀਦ ਪ੍ਰਤੀ ਸ਼ਰਧਾਂਜਲੀ ਅਰਪਣ ਕੀਤੀ ।

ਸੰਧੂ ਅੱਜ ਤੜਕਦਾਰ ਆਪਣੀ ਪੂਰੀ ਟੀਮ ਸਮੇਤ ਸ਼ਹੀਦ ਊਧਮ ਸਿੰਘ ਪਾਰਕ ਵਿੱਖੇ ਪਹੁੰਚੇ, ਪਹਿਲਾਂ ਓਹਨਾ ਨੇ



ਪਾਰਕ ਵਿੱਚ ਸ਼ਹੀਦ ਊਧਮ ਸਿੰਘ ਦੀ ਪ੍ਰਤਿਮਾ ਤੇ ਫੁੱਲ ਭੇਂਟ ਕੀਤੇ ਤੇ ਉਪਰੰਤ ਓਹਨਾ ਸੰਗਤ ਰੂਪ ਚ ਸਮਾਗਮ ਵਾਲੀ ਜਗਾ ਤੇ ਮੱਥਾ ਟੇਕਿਆ ਜਿੱਥੇ ਪ੍ਰਬੰਧਕਾਂ ਵੱਲੋਂ ਉਹਨਾਂ ਨੂੰ ਸਿਰੋਪਾਓ ਦੀ ਬਖਸ਼ਿਸ਼ ਵੀ ਹੋਈ ।

ਬਾਅਦ ਵਿੱਚ ਉਹਨਾਂ ਪ੍ਰੈਸ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਸ਼ਹੀਦ ਸਭ ਧਰਮਾਂ ਅਤੇ ਮਜ਼ਬਾਂ ਦੇ ਸਾਂਝੇ ਹੁੰਦੇ ਹਨ, ਸਾਨੂੰ ਅਜਿਹੇ ਸਮਾਗਮਾਂ ਚ ਪਾਰਟੀਬਾਜ਼ੀ, ਧੜੇਬੰਦੀ, ਜਾਤ, ਧਰਮ ਦੇ ਭੇਦ ਤੋਂ ਉੱਪਰ ਉੱਠ ਕੇ ਸ਼ਾਮਿਲ ਹੋਣਾ ਚਾਹੀਦਾ ਹੈ ।

ਸੰਧੂ ਨੇ ਆਖਿਆ ਕਿ ਉਹ ਪਿਛਲੇ 20-25 ਸਾਲ ਤੋਂ ਲਗਾਤਾਰ ਹਰ ਸਾਲ ਆ ਰਹੇ ਹਨ ਕਿਉਂ ਕਿ ਸਨੌਰ ਨਾਲ ਓਹਨਾ ਦਾ ਸਿਰਫ ਜ਼ਮੀਨ ਅਤੇ ਘਰ ਦਾ ਰਿਸ਼ਤਾ ਨਹੀਂ ਬਲਕਿ ਰੂਹ ਦਾ ਰਿਸ਼ਤਾ ਹੈ ।

ਚੇਅਰਮੈਨ ਸੰਧੂ ਨੇ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਅਰਪਣ ਕਰਨ ਤੋਂ ਬਾਅਦ ਪ੍ਰੈਸ ਅਤੇ ਸਮਾਗਮ ਚ ਪਹੁੰਚੇ ਸਾਥੀਆਂ ਦਾ ਧੰਨਵਾਦ ਵੀ ਕੀਤਾ ।

ਇਸ ਮੌਕੇ ਉਹਨਾਂ ਨਾਲ ਪ੍ਰਦੀਪ ਜੋਸਨ ਪ੍ਰਧਾਨ ਨਗਰ ਕੌਂਸਿਲ ਸਨੌਰ, ਤਰਸੇਮ ਸਿੰਘ ਸਨੌਰ ਐਮਸੀ, ਬੂਟਾ ਸਿੰਘ ਪ੍ਰਧਾਨ ਪਾਰਕ ਕਮੇਟੀ, ਜਰਨੈਲ ਸਿੰਘ ਸੰਧੂ, ਮਨਜੀਤ ਸਿੰਘ ਸੰਧੂ, ਅਵਤਾਰ ਸਿੰਘ ਗੰਗਰੌਲੀ, ਬੱਗਾ ਬੋਲੜ, ਸੰਦੀਪ ਸਨੌਰ, ਮਨਦੀਪ ਖਾਨ ਬੋਸਰ, ਅਮਰ ਸਿੰਘ ਸ਼ੇਰੇ ਪੰਜਾਬ ਮਾਰਕੀਟ, ਸੁਖਜਿੰਦਰ ਸਿੰਘ ਰਾਠੀਆਂ, ਅਮਰ ਅਲੀ ਚੌਰਾ, ਮਨਪ੍ਰੀਤ ਸਿੰਘ ਮਹਿਮਦਪੁਰ ਤੇ ਗੁਰਦਿੱਤ ਸਿੰਘ ਵੀ ਹਾਜ਼ਿਰ ਸਨ ।





# ਟੀਮ ਹਿਊਮਨ ਸਰਵਿਸ ਸੋਸਾਇਟੀ ਅਣਮਨੁੱਖੀ ਵਿਤਕਰੇ ਦੇ ਵਿਰੋਧ ਵਿੱਚ ਪਟਿਆਲਾਬੰਦ ਦਾ ਦਿੱਤਾ ਸਮਰਥਨ



**ਪਟਿਆਲਾ, 31 ਜੁਲਾਈ**
**-ਸ਼ਹੀਦ-ਏ-ਆਜ਼ਮ-ਬਿਊਰੋ-**

ਪਟਿਆਲਾ ਬੰਦ ਵਿੱਚ ਟੀਮ ਹਿਊਮਨ ਸਰਵਿਸ ਸੋਸਾਇਟੀ ਪੰਜਾਬ ਨੇ ਸਫਾਈ ਸੇਵਕਾਂ ਤੇ ਵਾਲਮੀਕਿ ਭਾਈਚਾਰੇ ਦੇ ਸਮਰਥਨ ਵਿੱਚ ਪੂਰੇ ਪੰਜਾਬ ਦੇ ਨਾਲ ਹਨ। ਕਿਉਂਕਿ ਕਿਸੀ ਨੂੰ ਵੀ ਇਸ ਤਰ੍ਹਾਂ ਬੁਰੀ ਤਰ੍ਹਾਂ ਕੁੱਟਮਾਰ ਕਰਨਾ ਕਾਨੂੰਨ ਦੇ ਖਿਲਾਫ ਹੈ। ਇਸ ਮੌਕੇ ਜਤਿੰਦਰ ਸ਼ਰਮਾ ਨੇ ਬੋਲਦੇ ਕਿਹਾ ਕਿ ਜਿੱਥੇ ਕਿਸੇ ਵੀ ਧਰਮ ਨਾਲ ਜਾਂ ਗਰੀਬ ਲੋਕਾਂ ਨਾਲ ਧੱਕਾ ਹੋਵੇਗਾ ਸਾਡੀ ਪੰਜਾਬ ਟੀਮ ਉਸਦਾ ਸਾਥ ਦੇਵੇਗੀ। ਇਹ ਜੋ ਮੰਦਭਾਗੀ ਘਟਨਾ ਵਧਾਈ ਹੈ। ਅਸੀਂ ਇਸ ਦਾ ਵਿਰੋਧ ਕਰਦੇ ਹਾਂ।

ਸਫਾਈ ਸੇਵਕਾਂ ਦੀਆਂ ਮੰਗਾਂ ਬਿਲਕੁਲ ਜਾਇਜ ਹਨ। ਅੱਜ ਦੀ ਮਹਿੰਗਾਈ ਵਿੱਚ 10 ਹਜਾਰ ਨਾਲ ਘਰ ਚਲਾਉਣਾ ਮੁਸ਼ਕਿਲ ਹੈ। ਇਸ ਮੌਕੇ ਤੇ ਪੰਜਾਬ ਪ੍ਰਧਾਨ ਜਤਿੰਦਰ ਸ਼ਰਮਾ ਪੰਜਾਬ ਚੇਅਰਪਰਸਨ ਵਰਮਾ ਗੋਇਲ (ਰਿਟਾਇਰਡ ਐਸ.ਐਸ.ਪੀ. ਸੁਸ਼ੀਲ ਕੁਮਾਰ, ਰਿਟਾਇਰਡ ਪਵਨ ਕੁਮਾਰ, ਰਾਜੇਸ਼ਵਰ ਕੁਮਾਰ ਬੋਕਸਰ, ਸਾਹਿਲ ਸ਼ਰਮਾ ਪ੍ਰਧਾਨ ਸ਼ਿਵਾ, ਪ੍ਰਧਾਨ ਜਸਵੀਰ ਲਾਲ, ਬੱਬੂ ਪ੍ਰਧਾਨ, ਸ਼ਬਲੂ ਮੱਟੂ ਪ੍ਰਧਾਨ, ਵਿਨੇ, ਰਾਮਚੰਦਰਾ ਟਾਂਕ, ਵਿਨੋ ਪ੍ਰੋਚੇ, ਬੋਬੀ ਪ੍ਰਧਾਨ, ਪ੍ਰਿੰਸ ਪ੍ਰਧਾਨ, ਰਾਜੇਸ਼ ਘਾਰੂ, ਸੋਨੂੰ ਸੰਗਰ ਮੇਅਰ ਅਤੇ ਹੋਰ ਵਾਲਮੀਕਿ ਭਾਈਚਾਰਾ ਅਤੇ ਪਤਵੰਤੇ ਸੱਜਣ ਮੌਜੂਦ ਸਨ।




# ਚੌਥਾ ਦਰਜਾ ਮੁਲਾਜਮਾਂ ਨੇ ਸ਼ਹੀਦੇ ਆਜ਼ਮ ਊਧਮ ਸਿੰਘ ਨੂੰ ਸ਼ਰਧਾ ਸੁਮਨ ਅਰਪਿਤ ਕੀਤੇ




**ਪਟਿਆਲਾ, 31 ਜੁਲਾਈ**
**-ਬਲਜੀਤ ਸਰਨਾ-**

ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਵਲੋਂ ਯੂਨੀਅਨ ਦਫਤਰ ਰਾਜਪੁਰਾ ਕਾਲੋਨੀ ਵਿਖੇ ਇਕੱਤਰਤਾ ਕਰਕੇ ਸ਼ਹੀਦ ਉੱਦਮ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ ਗਿਆ ਤੇ ਇਹਨਾਂ ਨੂੰ ਸ਼ਰਧਾ ਸੁਮਨ ਅਰਪਿਤ ਕੀਤੇ ਗਏ। ਇਸ ਮੌਕੇ ਤੇ ਇਹ ਫੈਸਲਾ ਕੀਤਾ ਗਿਆ ਕਿ ਪੰਜਾਬ ਦੇ ਸਰਕਾਰੀ ਤੇ ਅਰਧ ਸਰਕਾਰੀ ਅਦਾਰਿਆਂ ਵਿੱਚ ਲੰਮੇ ਸਮੇਂ ਤੋਂ ਕੰਮ ਕਰ ਰਹੇ ਵਰਕਚਾਰਜ, ਟੈਂਪਰੇਰੀ, ਡੇਲੀਵੇਜਿਜ਼, ਐਡਹਾਕ, ਆਊਟ ਸੋਰਸ, ਪਾਰਟ ਟਾਇਮ ਕਰਮੀਆਂ ਦੀਆਂ ਸੇਵਾਵਾਂ ਰੈਗੂਲਰ ਕਰਨ, ਠੇਕੇਦਾਰੀ ਪ੍ਰਥਾ ਖਤਮ ਕਰਨ ਤੇ ਆਊਟ ਸੋਰਸ ਕਰਮੀਆਂ ਨੂੰ ਵਿਭਾਗਾਂ ਵਿੱਚ ਖਪਾਉਣ,ਮਿਡ—ਡੇ—ਮੀਲ ਕਰਮੀਆਂ, ਸਕੂਲ ਵਿੱਚ ਕੰਮ ਕਰ ਰਹੇ ਸਫਾਈ ਸੇਵਕਾਂ, ਚੌਕੀਦਾਰਾਂ ਨੂੰ ਨਿਗੁਣੀਆਂ ਤਨਖਾਹਾਂ ਦੇਣਾ ਇਨਾਂ ਤੋਂ ਇੱਕ ਤੋਂ ਵੱਧ ਕੰਮ ਲੈ ਕੇ ਇਨ੍ਹਾਂ ਦਾ ਸ਼ੋਸ਼ਣ ਕਰਨ ਸਮੇਤ ਅਨੇਕਾ ਇਸ਼ੂਆਂ ਨੂੰ ਲੈ ਕੇ ਮਹਿੰਗਾਈ ਭੱਤਾ ਦੇਣਾ, ਪੁਰਾਣੀ ਪੈਨਸ਼ਨ ਬਹਾਲ ਕਰਨਾ ਆਦਿ ਇਸ਼ੂਆਂ ਨੂੰ ਲੈ ਕੇ ਮਿਤੀ 14 ਤੇ 15 ਅਗਸਤ ਨੂੰ ਜਿਲਾ ਸਿਵਲ ਸਰਜਨ / ਮਾਤਾ ਕੁਸ਼ਲਿਆ ਹਸਪਤਾਲ ਕੰਪਲੈਕਸ ਵਿਖੇ 24 ਘੰਟਿਆਂ ਲਈ 21 ਆਗੂ ਭੁੱਖ ਹੜਤਾਲ ਤੇ ਬੈਠਣਗੇ। ਮਿਤੀ 15 ਅਗਸਤ ਨੂੰ ਝੰਡਾ ਮਾਰਚ ਕਰਨਗੇ। ਇਕੱਤਰਤਾ ਵਿੱਚ ਦਰਸ਼ਨ ਸਿੰਘ ਲੁਬਾਣਾ, ਦੀਪ ਚੰਦ ਹੰਸ, ਰਾਮ ਲਾਲ ਰਾਮਾ, ਰਾਮ ਪ੍ਰਸਾਦ ਸਹੋਤਾ, ਰਾਜੇਸ਼ ਗੋਲੂ,ਅਰੁਣ ਕੁਮਾਰ, ਸ਼ਿਵ ਚਰਨ, ਲਖਵੀਰ ਸਿੰਘ, ਸੁਨੀਲ ਦੱਤ, ਗੁਰਦਰਸ਼ਨ ਸਿੰਘ, ਰਾਜੇਸ਼ ਕੁਮਾਰ, ਬਲਵੀਰ ਬਲੀ, ਧਰਮਿੰਦਰ, ਪ੍ਰਕਾਸ਼ ਲੁਬਾਣਾ, ਸਤਿਨਰਾਇਣ ਗੋਨੀ, ਮੀਨੂੰ , ਸੁਨੀਤਾ, ਪਰਵਿੰਦਰ, ਸਤਨਾਮ ਸਿੰਘ,ਗੁਰਿੰਦਰ ਸਿੰਘ, ਪ੍ਰੇਮ ਚਾਵਲਾ, ਦਯਾ ਸ਼ੰਕਰ ਆਦਿ ਹਾਜਰ ਸਨ।

# ਐਮ.ਆਰ.ਐਸ.ਪੀ.ਟੀ.ਯੂ. ਨੇ ਗਰੋਜ਼-ਬੇਕਰਟ ਪ੍ਰਾਈਵੇਟ ਲਿਮਿਟੇਡ ਦੇ ਦੌਰੇ ਰਾਹੀਂ ਉਦਯੋਗ : ਅਕਾਦਮਿਕ ਸਾਂਝ ਨੂੰ ਹੋਰ ਮਜ਼ਬੂਤ ਕੀਤਾ

**ਬਠਿੰਡਾ, 31 ਜੁਲਾਈ**
**-ਗੁਰਤੇਜ ਅਤਲਾ-**

ਵਿਦਿਆਰਥੀਆਂ ਲਈ ਰੁਜ਼ਗਾਰ ਦੇ ਬਿਹਤਰ ਮੌਕੇ ਸਿਰਜਣ ਅਤੇ ਉਦਯੋਗ-ਅਕਾਦਮਿਕ ਸਾਂਝ ਨੂੰ ਮਜ਼ਬੂਤ ਕਰਨ ਦੀ ਆਪਣੀ ਵਚਨਬੱਧਤਾ ਦੇ ਤਹਿਤ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਡਾਇਰੈਕਟਰ, ਟ੍ਰੇਨਿੰਗ ਐਂਡ ਪਲੇਸਮੈਂਟ ਹਰਜੋਤ ਸਿੰਘ ਸਿੱਧੂ ਨੇ ਗਰੋਜ਼-ਬੇਕਰਟ ਪ੍ਰਾਈਵੇਟ ਲਿਮਿਟੇਡ, ਚੰਡੀਗੜ੍ਹ ਦਾ ਦੌਰਾ ਕੀਤਾ ਅਤੇ ਆਪਸੀ ਸਹਿਯੋਗ ਦੇ ਨਵੇਂ ਮੌਕਿਆਂ ਬਾਰੇ ਵਿਚਾਰ-ਵਟਾਂਦਰਾ ਕੀਤਾ।ਦੌਰੇ ਦੌਰਾਨ ਕੰਪਨੀ ਦੇ ਪ੍ਰਬੰਧਨ ਨਾਲ ਹੁਨਰ ਵਿਕਾਸ, ਉਦਯੋਗਿਕ ਸਿਖਲਾਈ, ਇੰਟਰਨਸ਼ਿਪ, ਉਦਯੋਗਿਕ ਅਨੁਭਵ ਅਤੇ ਕੈਂਪਸ ਪਲੇਸਮੈਂਟ ਦੇ ਖੇਤਰਾਂ ਵਿੱਚ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਸਬੰਧੀ ਸਾਰਥਕ ਚਰਚਾ ਹੋਈ। ਇਸ ਮੁਲਾਕਾਤ ਨੇ ਵਿਦਿਆਰਥੀਆਂ ਨੂੰ ਉਦਯੋਗ ਦੀਆਂ ਲੋੜਾਂ ਅਨੁਸਾਰ ਗਿਆਨ ਅਤੇ ਵਿਹਾਰਕ ਕੁਸ਼ਲਤਾਵਾਂ ਨਾਲ ਲੈਸ ਕਰਨ ਲਈ ਯੂਨੀਵਰਸਿਟੀ ਅਤੇ ਗਰੋਜ਼-ਬੇਕਰਟ ਦੀ ਸਾਂਝੀ ਵਚਨਬੱਧਤਾ ਨੂੰ ਦਰਸਾਇਆ।



1852 ਵਿੱਚ ਜਰਮਨੀ ਵਿੱਚ ਸਥਾਪਿਤ ਗਰੋਜ਼-ਬੇਕਰਟ ਉਦਯੋਗਿਕ ਮਸ਼ੀਨ ਸੂਈਆਂ, ਸ਼ੁੱਧਤਾ ਵਾਲੇ ਪੁਰਜ਼ਿਆਂ, ਫਾਈਨ ਟੂਲਜ਼ ਅਤੇ ਟੈਕਸਟਾਈਲ ਤੇ ਹੋਰ ਉਦਯੋਗਿਕ ਖੇਤਰਾਂ ਲਈ ਪ੍ਰਣਾਲੀਆਂ ਦੇ ਨਿਰਮਾਣ ਵਿੱਚ ਵਿਸ਼ਵ ਪੱਧਰੀ ਮਾਣਯੋਗ ਕੰਪਨੀ ਹੈ। ਚੰਡੀਗੜ੍ਹ ਵਿੱਚ ਸਥਿਤ ਇਸ ਦਾ ਨਿਰਮਾਣ ਯੂਨਿਟ ਭਾਰਤ ਵਿੱਚ ਕੰਪਨੀ ਦਾ ਪਹਿਲਾ ਅਤੇ ਏਸ਼ੀਆ ਵਿੱਚ ਇਸ ਦੀਆਂ ਸਭ ਤੋਂ ਸ਼ੁਰੂਆਤੀ ਉਤਪਾਦਨ ਇਕਾਈਆਂ ਵਿੱਚੋਂ ਇੱਕ ਹੈ, ਜਿਸ ਦੀ ਸਥਾਪਨਾ 1960 ਵਿੱਚ ਹੋਈ ਸੀ। ਇਹ ਚੰਡੀਗੜ੍ਹ ਨਾਲ ਕੰਪਨੀ ਦੇ ਲੰਬੇ ਅਤੇ ਮਜ਼ਬੂਤ ਸਬੰਧਾਂ ਨੂੰ ਦਰਸਾਉਂਦਾ ਹੈ।

ਇਸ ਮੌਕੇ ’ਤੇ ਡਾਇਰੈਕਟਰ-ਟ੍ਰੇਨਿੰਗ ਐਂਡ ਪਲੇਸਮੈਂਟ ਹਰਜੋਤ ਸਿੰਘ ਸਿੱਧੂ ਨੇ ਕਿਹਾ ਕਿ ਸਾਡੀ ਯੂਨੀਵਰਸਿਟੀ ਉਦਯੋਗ ਜਗਤ ਦੀਆਂ ਅਗੇਤੀ ਸੰਸਥਾਵਾਂ ਨਾਲ ਮਜ਼ਬੂਤ ਅਤੇ ਲੰਬੇ ਸਮੇਂ ਦੀਆਂ ਭਾਈਵਾਲੀਆਂ ਸਥਾਪਤ ਕਰਨ ਲਈ ਵਚਨਬੱਧ ਹੈ, ਤਾਂ ਜੋ ਸਾਡੇ ਵਿਦਿਆਰਥੀਆਂ ਨੂੰ ਆਧੁਨਿਕ ਰੁਜ਼ਗਾਰ ਬਾਜ਼ਾਰ ਦੀਆਂ ਲੋੜਾਂ ਅਨੁਸਾਰ ਹੁਨਰ, ਅਨੁਭਵ ਅਤੇ ਵਿਹਾਰਕ ਸਿਖਲਾਈ ਪ੍ਰਾਪਤ ਹੋ ਸਕੇ। ਗਰੋਜ਼-ਬੇਕਰਟ ਨਾਲ ਹੋਈ ਇਹ ਮੁਲਾਕਾਤ ਉਦਯੋਗਿਕ ਸਿਖਲਾਈ, ਇੰਟਰਨਸ਼ਿਪ, ਹੁਨਰ ਵਿਕਾਸ ਅਤੇ ਪਲੇਸਮੈਂਟ ਦੇ ਖੇਤਰਾਂ ਵਿੱਚ ਸਹਿਯੋਗ ਦੀਆਂ ਨਵੀਆਂ ਸੰਭਾਵਨਾਵਾਂ ਲੈ ਕੇ ਆਈ ਹੈ। ਇਸ ਤਰ੍ਹਾਂ ਦੀਆਂ ਭਾਈਵਾਲੀਆਂ ਅਕਾਦਮਿਕ ਜਗਤ ਅਤੇ ਉਦਯੋਗ ਵਿਚਕਾਰ ਪਲੇਸਮੈਂਟ ਦੇ ਖੇਤਰਾਂ ਵਿੱਚ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਸਬੰਧੀ ਸਾਰਥਕ ਚਰਚਾ ਹੋਈ। ਇਸ ਮੁਲਾਕਾਤ ਨੇ ਵਿਦਿਆਰਥੀਆਂ ਨੂੰ ਉਦਯੋਗ ਦੀਆਂ ਲੋੜਾਂ ਅਨੁਸਾਰ ਗਿਆਨ ਅਤੇ ਵਿਹਾਰਕ ਕੁਸ਼ਲਤਾਵਾਂ ਨਾਲ ਲੈਸ ਕਰਨ ਲਈ ਯੂਨੀਵਰਸਿਟੀ ਅਤੇ ਗਰੋਜ਼-ਬੇਕਰਟ ਦੀ ਸਾਂਝੀਪਲੇਸਮੈਂਟ ਦੇ ਖੇਤਰਾਂ ਵਿੱਚ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਸਬੰਧੀ ਸਾਰਥਕ ਚਰਚਾ ਹੋਈ। ਇਸ ਮੁਲਾਕਾਤ ਨੇ ਵਿਦਿਆਰਥੀਆਂ ਨੂੰ ਉਦਯੋਗ ਦੀਆਂ ਲੋੜਾਂ ਅਨੁਸਾਰ ਗਿਆਨ ਅਤੇ ਵਿਹਾਰਕ ਕੁਸ਼ਲਤਾਵਾਂ ਨਾਲ ਲੈਸ ਕਰਨ ਲਈ ਯੂਨੀਵਰਸਿਟੀ ਅਤੇ ਗਰੋਜ਼-ਬੇਕਰਟ ਦੀ ਸਾਂਝੀਪਾੜੇ ਨੂੰ ਘਟਾਉਣ ਦੇ ਨਾਲ-ਨਾਲ ਸਾਡੇ ਗ੍ਰੈਜੂਏਟ ਵਿਦਿਆਰਥੀਆਂ ਦੀ ਰੁਜ਼ਗਾਰਯੋਗਤਾ ਨੂੰ ਹੋਰ ਮਜ਼ਬੂਤ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।

# 70ਵੀਆਂ ਪੰਜਾਬ ਜੋਨ ਪੱਧਰੀ ਸਕੂਲ ਖੇਡਾਂ ਵਿੱਚ ਸਟੀਫਨ ਇੰਟਰਨੈਸ਼ਨਲ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ

**ਸੰਗਰੂਰ, 31 ਜੁਲਾਈ**
**-ਜਗਦੇਵ ਰੰਚਨਾਂ-**

ਸਟੀਫਨ ਇੰਟਰਨੈਸ਼ਨਲ ਸਕੂਲ, ਸੰਗਰੂਰ ਦੇ ਵਿਦਿਆਰਥੀਆਂ ਨੇ 70ਵੀਆਂ ਪੰਜਾਬ ਜੋਨ ਪੱਧਰੀ ਸਕੂਲ ਖੇਡਾਂ 2026-27 ਵਿੱਚ ਰੋਲਰ ਸਕੇਟਿੰਗ ਮੁਕਾਬਲਿਆਂ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ 15 ਸੋਨੇ, 7 ਚਾਂਦੀ ਅਤੇ 4 ਕਾਂਸੀ ਦੇ ਤਗਮੇ ਜਿੱਤ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਕੁੱਲ 26 ਤਗਮੇ ਜਿੱਤ ਕੇ ਸਕੂਲ ਨੇ ਖੇਡਾਂ ਦੇ ਖੇਤਰ ਵਿੱਚ ਆਪਣੀ ਵਿਲੱਖਣ ਪਛਾਣ ਹੋਰ ਮਜ਼ਬੂਤ ਕੀਤੀ ਹੈ।



ਵਿਦਿਆਰਥੀਆਂ ਦੀ ਇਸ ਕਾਮਯਾਬੀ ਪਿੱਛੇ ਉਨ੍ਹਾਂ ਦੀ ਸਖ਼ਤ ਮਿਹਨਤ, ਲਗਨ ਅਤੇ ਕੋਚਾਂ ਦੀ ਮਿਹਨਤ ਦਾ ਮਹੱਤਵਪੂਰਨ ਯੋਗਦਾਨ ਰਿਹਾ। ਸਕੂਲ ਵੱਲੋਂ ਵਿਦਿਆਰਥੀਆਂ ਨੂੰ ਉੱਚ ਪੱਧਰੀ ਖੇਡ ਸਹੂਲਤਾਂ ਅਤੇ ਮਿਆਰੀ ਸਿਖਲਾਈ ਪ੍ਰਦਾਨ ਕੀਤੀ ਜਾਂਦੀ ਹੈ, ਜਿਸ ਦਾ ਨਤੀਜਾ ਇਨ੍ਹਾਂ ਸ਼ਾਨਦਾਰ ਪ੍ਰਾਪਤੀਆਂ ਦੇ ਰੂਪ ਵਿੱਚ ਸਾਹਮਣੇ ਆ ਰਿਹਾ ਹੈ।

ਇਸ ਮੌਕੇ ਡਾਇਰੈਕਟਰ-ਪ੍ਰਿੰਸੀਪਲ ਸ੍ਰੀਮਤੀ ਮੋਨਿਕਾ ਸ਼ਰਮਾ ਨੇ ਜੇਤੂ ਵਿਦਿਆਰਥੀਆਂ, ਕੋਚਾਂ ਅਤੇ ਮਾਪਿਆਂ ਨੂੰ ਦਿਲੋਂ ਵਧਾਈ ਦਿੱਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਕਰਦੇ ਹੋਏ ਰਾਜ ਅਤੇ ਰਾਸ਼ਟਰੀ ਪੱਧਰ ’ਤੇ ਸਕੂਲ ਦਾ ਨਾਮ ਹੋਰ ਉੱਚਾ ਕਰਨ ਲਈ ਪ੍ਰੇਰਿਤ ਕੀਤਾ।

# ਬੀ.ਐੱਲ.ਓਜ਼ ਵਲੋਂ 3 ਅਗਸਤ ਤੱਕ ਭਰਵਾਏ ਜਾਣਗੇ ਫਾਰਮ : ਜ਼ਿਲ੍ਹਾ ਚੋਣ ਅ.ਫਸਰ

**ਬਠਿੰਡਾ, 31 ਜੁਲਾਈ**
**-ਸ਼ਹੀਦ-ਏ-ਆਜ਼ਮ-ਬਿਊਰੋ-**

ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਮੁੱਖ ਚੋਣ ਅਫਸਰ ਪੰਜਾਬ ਵਲੋਂ ਵੋਟਰ ਸੂਚੀ ਦੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸ.ਆਈ.ਆਰ) ਸਬੰਧੀ ਜਾਰੀ ਕੀਤੇ ਗਏ ਸ਼ਡਿਊਲ ਤਹਿਤ 3 ਅਗਸਤ ਤੱਕ ਫਾਰਮ ਭਰਵਾਏ ਜਾਣਗੇ।



ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਦੱਸਿਆ ਕਿ ਜ਼ਿਲ੍ਹੇ ਦੇ 1192 ਬੀ.ਐੱਲ.ਓਜ਼ (ਬੂਥ ਲੈਵਲ ਅਫ਼ਸਰ) ਵਲੋਂ ਘਰ-ਘਰ ਜਾ ਕੇ ਵੋਟਰਾਂ ਤੋਂ ਗਣਨਾ ਫਾਰਮ ਭਰਵਾਉਣ ਸਬੰਧੀ ਕੰਮਾਂ ਆਖਰੀ ਪੜਾਅ ਤੇ ਹੈ ਅਤੇ 3 ਅਗਸਤ 2026 ਤੱਕ ਇਸ ਕੰਮ ਨੂੰ ਮੁਕੰਮਲ ਕਰ ਲਿਆ ਜਾਵੇਗਾ।

ਉਨ੍ਹਾਂ ਦੱਸਿਆ ਕਿ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐਸ.ਆਈ.ਆਰ) ਸਬੰਧੀ ਜਿਹੜੇ ਲੋਕ ਫਾਰਮ ਭਰਨ ਤੋਂ ਰਹਿ ਗਏ ਹਨ, ਉਹ ਆਪਣੇ ਫਾਰਮ ਭਰਕੇ ਸਬੰਧਤ ਬੀ.ਐਲ.ਓ. ਕੋਲ ਜ਼ਰੂਰ ਜਮ੍ਹਾ ਕਰਵਾਉਣ ਤਾਂ ਜੋ ਉਹ ਆਪਣੀ ਵੋਟ ਦੇ ਹੱਕ ਤੋਂ ਵਾਂਝੇ ਨਾ ਰਹਿ ਸਕਣ।

ਉਨ੍ਹਾਂ ਦੱਸਿਆ ਕਿ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਬਾਰੇ ਕਿਸੇ ਵੀ ਕਿਸਮ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਨਾਗਰਿਕ, ਚੋਣ ਕਮਿਸ਼ਨ ਦੇ ਟੋਲ ਫਰੀ ਨੰਬਰ 1950 ’ਤੇ ਸੰਪਰਕ ਕਰ ਸਕਦੇ ਹਨ।

# ਰਾਸ਼ਟਰੀ ਜਯੋਤੀ ਕਲਾ ਮੰਚ ਦੇ ਨਵੇਂ ਅਹੁਦੇਦਾਰਾਂ ਦੀ ਚੋਣ ਸੰਜੇ ਗੋਇਲ ਚੇਅਰਮੈਨ ਅਤੇ ਸੋਨਮ ਬਾਂਸਲ ਪ੍ਰਧਾਨ ਬਣੇ



**ਪਟਿਆਲਾ, 31 ਜੁਲਾਈ**
**-ਵਿਸ਼ਾਲ ਗੁਪਤਾ-**

ਰਾਸ਼ਟਰੀ ਜਯੋਤੀ ਕਲਾ ਮੰਚ (ਰਜਿ.) ਪਟਿਆਲਾ ਵੱਲੋਂ ਮੰਚ ਦੇ ਸੰਗਠਨਾਤਮਕ ਢਾਂਚੇ ਦਾ ਗਠਨ ਹੋਟਲ ਫਲਾਈ ਓਵਰ ਕਲਾਸਿਕ ਵਿਖੇ ਕੀਤਾ ਗਿਆ। ਇਸ ਮੌਕੇ ਮੰਚ ਦੇ ਮੁੱਖ ਸਰਪ੍ਰਸਤ ਗਰੀਨ ਮੈਨ ਭਗਵਾਨ ਦਾਸ ਜੁਨੇਜਾ, ਡਾਇਰੈਕਟਰ ਰਾਕੇਸ਼ ਠਾਕੁਰ ਅਤੇ ਫਾਊਂਡਰ ਮੈਂਬਰ ਐਡਵੋਕੇਟ ਸੱਤਿਆਪਾਲ ਸਿੰਘ ਸਲੂਜਾ ਦੀ ਹਾਜ਼ਰੀ ਵਿੱਚ ਮੰਚ ਦੇ ਨਵੇਂ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਅਕਸ਼ੇ ਗੋਪਾਲ ਐਮ.ਡੀ. ਹੋਟਲ ਫਲਾਈ ਓਵਰ ਕਲਾਸਿਕ, ਐਡਵੋਕੇਟ ਸੁਰਿੰਦਰ ਮੋਹਨ ਸਿੰਗਲਾ, ਆਰਕੀਟੈਕਟ ਐਲ. ਆਰ. ਗੁਪਤਾ, ਪ੍ਰਵੀਨ ਗੋਇਲ, ਇੰਦਰ ਮੋਹਨ ਸਿੰਘ ਬਜਾਜ, ਭੁਪਿੰਦਰ ਸਿੰਘ ਐਮ.ਡੀ.ਮਾਤਾ ਗੁਜਰੀ ਪਬਲਿਕ ਸਕੂਲ ਅਤੇ ਡਾ. ਸੁਭਾਸ਼ ਡਾਬਰ ਮੰਚ ਦੇ ਸਰਪ੍ਰਸਤ ਥਾਪੇ ਗਏ। ਮੰਚ ਦੇ ਚੇਅਰਮੈਨ ਦੀ ਜਿੰਮੇਵਾਰੀ ਸੰਜੇ ਗੋਇਲ ਨੂੰ ਦਿੱਤੀ ਗਈ। ਜਦ ਕਿ ਭਾਨਰਾ ਜਵੈਲਰਜ਼ ਦੇ ਐਮ. ਡੀ. ਬੀਰ ਚੰਦ ਖੁਰਮੀ ਨੂੰ ਕੌਮੀ ਪ੍ਰਧਾਨ, ਇੰਜੀਨੀਅਰ ਨਰਿੰਦਰ ਸਿੰਘ ਨੂੰ ਸੀਨੀਅਰ ਪ੍ਰਧਾਨ, ਸੋਨਮ ਬਾਂਸਲ (ਸਮਾਜ ਸੇਵਕ) ਨੂੰ ਪ੍ਰਧਾਨ, ਰਮਨਪ੍ਰੀਤ ਸਿੰਘ ਨੂੰ ਪ੍ਰੋਜੈਕਟ ਡਾਇਰੈਕਟਰ, ਆਈਟੀਓ ਸਕਸ਼ਮ ਗੁਪਤਾ ਨੂੰ ਅਸਿਸਟੈਂਟ ਪ੍ਰੋਜੈਕਟ ਡਾਇਰੈਕਟਰ, ਕਰਮਵੀਰ ਪੁਰੀ ਨੂੰ ਜਨਰਲ ਸਕੱਤਰ ਅਤੇ ਦਰਸ਼ਨ ਜਿੰਦਲ ਨੂੰ ਸਕੱਤਰ ਐਲਾਨਿਆ ਗਿਆ। ਇਸ ਤੋਂ ਇਲਾਵਾ ਹਰਮੇਸ਼ ਸਿੰਗਲਾ ਅਤੇ ਹਰਕੇਸ਼ ਮਿੱਤਲ ਨੂੰ ਵਾਈਸ ਚੇਅਰਮੈਨ, ਵਰਿੰਦਰ ਵਰਮਾ ਅਤੇ ਧਰਮਪਾਲ ਗਰਗ ਨੂੰ ਉਪ ਪ੍ਰਧਾਨ, ਸੰਜੇ ਕੁਮਾਰ ਨੂੰ ਮੀਡੀਆ ਇੰਚਾਰਜ, ਕੋਰੀਓਗ੍ਰਾਫਰ ਆਰਤੀ ਸਾਹਨੀ, ਈਵੈਂਟ ਔਰਗਨਾਈਜ਼ਰ ਡਾ. ਧਰਮਿੰਦਰ ਸੰਧੂ ਅਤੇ ਭਾਰਤੀ ਨੂੰ ਕਲਚਰਲ ਇੰਚਾਰਜ ਦੇ ਅਹੁਦੇ ਦਿੱਤੇ ਗਏ। ਮੰਚ ਦੇ ਸਲਾਹਕਾਰਾਂ ਲਈ ਜਗਦੀਸ਼ ਵਰਮਾ, ਵਿਕਾਸ ਕੁਮਾਰ ( ਇਨਕਮ ਟੈਕਸ), ਇੰਦਰ ਨਾਰੰਗ, ਅਮਰਜੀਤ ਸਿੰਘ ਅਤੇ ਆਚਾਰਿਆ ਨਿਖਲੇਸ਼ ਦੀ ਚੋਣ ਕੀਤੀ ਗਈ। ਇਹਦੇ ਨਾਲ ਹੀ ਮਨੀ, ਮਮਤਾ ਠਾਕੁਰ, ਅੰਮ੍ਰਿਤ ਕੌਰ, ਮਿਸਟਰ ਕਿਰਨ, ਲਲਿਤਾ ਰਾਓ, ਨਵਨੀਤ ਵਾਲੀਆ, ਰਾਜੇਸ਼ ਬਾਂਸਲ, ਬਿਲੀਅਮਜੀਤ ਸਿੰਘ, ਨਿਰਮਲ ਜੈਨ, ਮਾਇਆਧਾਰੀ ਸਿੰਗਲਾ, ਸੁਨੀਤਾ ਪੌਲ ਨੂੰ ਮੈਂਬਰਾਂ ਵਜੋਂ ਨਾਮਜ਼ਦ ਕੀਤਾ ਗਿਆ। ਇਸ ਮੌਕੇ ’ਤੇ ਤ੍ਰਿਭਵਨ ਗੁਪਤਾ ਅਤੇ ਮੰਚ ਦੇ ਪੁਰਾਣੇ ਮੈਂਬਰ ਵੀ ਮੌਜੂਦ ਰਹੇ।

# ਸੈਸ਼ਨ ਦਾ ਮਕਸਦ ਉਤਪਾਦਾਂ ਦੀ ਗੁਣਵੱਤਾ, ਬਾਜ਼ਾਰ ਵਿੱਚ ਮੁਕਾਬਲੇ ਦੀ ਸਮਰੱਥਾ ਅਤੇ ਖਪਤਕਾਰਾਂ ਦਾ ਭਰੋਸਾ ਵਧਾਉਣਾ

**ਬਠਿੰਡਾ, 31 ਜੁਲਾਈ**
**-ਗੁਰਤੇਜ ਅਤਲਾ-**

ਡਿਪਟੀ ਕਮਿਸ਼ਨਰ ਬਠਿੰਡਾ ਸ੍ਰੀ ਰਾਜੇਸ਼ ਧੀਮਾਨ ਦੇ ਦਿਸ਼ਾ-ਨਿਰਦੇਸ਼ਾਂ ਤੇ ਭਾਰਤੀ ਮਿਆਰ ਬਿਊਰੋ , ਚੰਡੀਗੜ੍ਹ ਸ਼ਾਖਾ ਦਫ਼ਤਰ ਵੱਲੋਂ ਨੈਸ਼ਨਲ ਟੈਸਟ ਹਾਊਸ , ਗਾਜ਼ੀਆਬਾਦ ਦੇ ਸਹਿਯੋਗ ਨਾਲ ਅਤੇ ਬਠਿੰਡਾ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਅਤੇ ਨਾਰਥ ਇੰਡੀਆ ਕੂਲਰ ਐਂਡ ਫੈਨ ਮੈਨੂਫੈਕਚਰਰਜ਼ ਐਸੋਸੀਏਸ਼ਨ, ਬਠਿੰਡਾ ਦੇ ਸਹਿਯੋਗ ਨਾਲ ਬਠਿੰਡਾ ਵਿਖੇ ਕੂਲਰ, ਫੈਨ ਮੋਟਰ, ਬਿਜਲੀ ਉਪਕਰਣ, ਮੋਟਰਾਂ, ਟਰਾਂਸਫਾਰਮਰ, ਕੇਬਲਾਂ ਅਤੇ ਹੋਰ ਐਮ.ਐਸ.ਐਮ.ਈ. ਖੇਤਰਾਂ ਦੇ ਨਿਰਮਾਤਾਵਾਂ ਲਈ ਇੱਕ ਐਮ.ਐਸ.ਐਮ.ਈ. ਜਾਗਰੂਕਤਾ ਸੈਸ਼ਨ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ।



ਇਸ ਪ੍ਰੋਗਰਾਮ ਵਿੱਚ ਲਗਭਗ 56 ਨਿਰਮਾਤਾਵਾਂ ਅਤੇ ਉਦਯੋਗਿਕ ਪ੍ਰਤੀਨਿਧੀਆਂ ਨੇ ਭਾਗ ਲਿਆ। ਇਸ ਸੈਸ਼ਨ ਦਾ ਉਦੇਸ਼ ਐਮ.ਐਸ.ਐਮ.ਈ. ਇਕਾਈਆਂ ਨੂੰ ਬੀ.ਆਈ.ਐਸ. ਸਰਟੀਫਿਕੇਸ਼ਨ ਪ੍ਰਕਿਰਿਆ, ਭਾਰਤੀ ਮਿਆਰਾਂ, ਕੁਆਲਿਟੀ ਕੰਟਰੋਲ ਆਰਡਰ ਅਤੇ ਉਦਯੋਗਿਕ ਉਤਪਾਦਾਂ ਨਾਲ ਸੰਬੰਧਿਤ ਨਿਯਮਕ ਲੋੜਾਂ ਬਾਰੇ ਜਾਗਰੂਕ ਕਰਨਾ ਸੀ। ਇਸ ਦੇ ਨਾਲ ਹੀ, ਐਮ.ਐਸ.ਐਮ.ਈ. ਇਕਾਈਆਂ ਨੂੰ ਗੁਣਵੱਤਾ ਮਿਆਰ ਅਪਣਾਉਣ ਲਈ ਪ੍ਰੇਰਿਤ ਕਰਨਾ ਵੀ ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਸੀ, ਤਾਂ ਜੋ ਉਤਪਾਦਾਂ ਦੀ ਗੁਣਵੱਤਾ, ਬਾਜ਼ਾਰ ਵਿੱਚ ਮੁਕਾਬਲੇ ਦੀ ਸਮਰੱਥਾ ਅਤੇ ਖਪਤਕਾਰਾਂ ਦਾ ਭਰੋਸਾ ਵਧਾਇਆ ਜਾ ਸਕੇ।

ਪ੍ਰੋਗਰਾਮ ਦਾ ਉਦਘਾਟਨ ਸ੍ਰੀਮਤੀ ਸ਼ਾਲੂ ਵਰਸ਼ਨੇਯ, ਡਾਇਰੈਕਟਰ ਅਤੇ ਮੁਖੀ, ਬੀ.ਆਈ.ਐਸ. ਚੰਡੀਗੜ੍ਹ ਸ਼ਾਖਾ ਦਫ਼ਤਰ ਵੱਲੋਂ ਕੀਤਾ ਗਿਆ। ਉਨ੍ਹਾਂ ਨੇ ਹਾਜ਼ਰ ਸਾਰੇ ਪ੍ਰਤੀਨਿਧੀਆਂ ਦਾ ਸਵਾਗਤ ਕਰਦੇ ਹੋਏ ਪ੍ਰੋਗਰਾਮ ਦੇ ਉਦੇਸ਼ਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਕਿਹਾ ਕਿ ਮਿਆਰੀਕਰਨ, ਗੁਣਵੱਤਾ ਭਰੋਸਾ ਅਤੇ ਬੀ.ਆਈ.ਐਸ. ਦੀਆਂ ਅਨੁਕੂਲਤਾ ਮੁਲਾਂਕਣ ਯੋਜਨਾਵਾਂ ਅਨੁਸਾਰ ਬੀ.ਆਈ.ਐਸ. ਸਰਟੀਫਿਕੇਸ਼ਨ ਐਮ.ਐਸ.ਐਮ.ਈ. ਖੇਤਰ ਨੂੰ ਮਜ਼ਬੂਤ ਬਣਾਉਣ, ਉਤਪਾਦਾਂ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਅਤੇ ਖਪਤਕਾਰਾਂ ਦਾ ਵਿਸ਼ਵਾਸ ਵਧਾਉਣ ਲਈ ਬਹੁਤ ਮਹੱਤਵਪੂਰਨ ਹਨ।

ਇਸ ਪ੍ਰੋਗਰਾਮ ਵਿੱਚ ਸ਼੍ਰੀ ਰਾਮ ਪ੍ਰਕਾਸ਼ ਜਿੰਦਲ, ਪ੍ਰਧਾਨ, ਬਠਿੰਡਾ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਬੀ.ਆਈ.ਐਸ. ਦੇ ਯਤਨਾਂ ਦੀ ਸਰਾਹਨਾ ਕੀਤੀ ਅਤੇ ਕਿਹਾ ਕਿ ਐਮ.ਐਸ.ਐਮ.ਈ. ਖੇਤਰ ਦੇ ਵਿਕਾਸ ਅਤੇ ਉਦਯੋਗਿਕ ਤਰੱਕੀ ਲਈ ਮਿਆਰੀਕਰਨ ਅਤੇ ਗੁਣਵੱਤਾ ਦੀ ਪਾਲਣਾ ਬਹੁਤ ਜ਼ਰੂਰੀ ਹੈ।

ਸ਼੍ਰੀ ਹਰਿਸ਼ ਚਾਵਲਾ, ਪ੍ਰਧਾਨ, ਨਾਰਥ ਇੰਡੀਆ ਕੂਲਰ ਐਂਡ ਫੈਨ ਮੈਨੂਫੈਕਚਰਰਜ਼ ਐਸੋਸੀਏਸ਼ਨ, ਬਠਿੰਡਾ ਨੇ ਉਦਯੋਗਾਂ ਨੂੰ ਭਾਰਤੀ ਮਿਆਰਾਂ ਅਤੇ ਸਰਟੀਫਿਕੇਸ਼ਨ ਪ੍ਰਣਾਲੀ ਅਪਣਾਉਣ ਦੀ ਲੋੜ ’ਤੇ ਜ਼ੋਰ ਦਿੱਤਾ, ਜਿਸ ਨਾਲ ਨਿਰਮਾਣ ਖੇਤਰ ਹੋਰ ਮਜ਼ਬੂਤ ਹੋਵੇਗਾ ਅਤੇ ਉਤਪਾਦਾਂ ਦੀ ਗੁਣਵੱਤਾ ਵਿੱਚ ਸੁਧਾਰ ਆਵੇਗਾ।

ਤਕਨੀਕੀ ਸੈਸ਼ਨ ਸ਼੍ਰੀ ਸ਼ਿਤਿਜ ਬਠਲਾ, ਸੰਯੁਕਤ ਨਿਰਦੇਸ਼ਕ, ਬੀ.ਆਈ.ਐਸ. ਚੰਡੀਗੜ੍ਹ ਸ਼ਾਖਾ ਦਫ਼ਤਰ ਵੱਲੋਂ ਕਰਵਾਇਆ ਗਿਆ। ਉਨ੍ਹਾਂ ਨੇ ਬੀ.ਆਈ.ਐਸ. ਦੀਆਂ ਗਤੀਵਿਧੀਆਂ ਅਤੇ ਪਹਿਲਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਬੀ.ਆਈ.ਐਸ. ਸਰਟੀਫਿਕੇਸ਼ਨ ਪ੍ਰਾਪਤ ਕਰਨ ਦੀ ਪ੍ਰਕਿਰਿਆ, ਜਿਸ ਵਿੱਚ ਅਰਜ਼ੀ, ਉਤਪਾਦ ਟੈਸਟਿੰਗ, ਫੈਕਟਰੀ ਨਿਰੀਖਣ, ਮਾਰਕਿੰਗ ਫੀਸ ਅਤੇ ਨਿਗਰਾਨੀ ਗਤੀਵਿਧੀਆਂ ਸ਼ਾਮਲ ਹਨ, ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ, ਉਨ੍ਹਾਂ ਨੇ ਐਮ.ਐਸ.ਐਮ.ਈ. ਲਈ ਉਪਲਬਧ ਫੀਸ ਰਿਆਇਤਾਂ ਅਤੇ ਹੋਰ ਸਹੂਲਤਾਂ ਬਾਰੇ ਵੀ ਦੱਸਿਆ। ਉਨ੍ਹਾਂ ਨੇ ਕੁਆਲਿਟੀ ਕੰਟਰੋਲ ਆਰਡਰਾਂ ਦੀ ਲਾਗੂ ਪ੍ਰਕਿਰਿਆ, ਉਨ੍ਹਾਂ ਦੀ ਮਹੱਤਤਾ ਅਤੇ ਨਿਰਯਾਤ, ਖੋਜ ਅਤੇ ਵਿਕਾਸ ਲਈ ਆਯਾਤ ਅਤੇ ਹੋਰ ਨਿਰਧਾਰਿਤ ਸ਼੍ਰੇਣੀਆਂ ਨੂੰ ਮਿਲਣ ਵਾਲੀਆਂ ਛੂਟਾਂ ਬਾਰੇ ਵੀ ਜਾਣਕਾਰੀ ਦਿੱਤੀ।

ਨੈਸ਼ਨਲ ਟੈਸਟ ਹਾਊਸ, ਗਾਜ਼ੀਆਬਾਦ ਵੱਲੋਂ ਸ਼੍ਰੀ ਰਾਜਨੀਕਾਂਤ, ਡਿਪਟੀ ਡਾਇਰੈਕਟਰ ਨੇ ਪ੍ਰਸਤੁਤੀ ਦਿੱਤੀ। ਉਨ੍ਹਾਂ ਨੇ ਐਨ.ਟੀ.ਐਚ. ਦੀ ਭੂਮਿਕਾ ਅਤੇ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਬਿਜਲੀ ਦੇ ਪੱਖਿਆਂ ਵਿੱਚ ਆਮ ਤੌਰ ’ਤੇ ਆਉਣ ਵਾਲੀਆਂ ਖਾਮੀਆਂ, ਗੁੱਡ ਮੈਨੂਫੈਕਚਰਿੰਗ ਪ੍ਰੈਕਟਿਸਜ਼ ਦੀ ਮਹੱਤਤਾ ਅਤੇ ਉਤਪਾਦਾਂ ਦੀ ਗੁਣਵੱਤਾ ਵਿੱਚ ਸੁਧਾਰ ਲਈ ਇਸ ਦੀ ਭੂਮਿਕਾ ਬਾਰੇ ਦੱਸਿਆ। ਨਾਲ ਹੀ ਉਨ੍ਹਾਂ ਨੇ ਟਰਾਂਸਫਾਰਮਰਾਂ, ਕੇਬਲਾਂ, ਮੋਟਰਾਂ, ਕੂਲਰਾਂ ਅਤੇ ਹੋਰ ਬਿਜਲੀ ਉਤਪਾਦਾਂ ਲਈ ਉਪਲਬਧ ਟੈਸਟਿੰਗ ਸੁਵਿਧਾਵਾਂ ਬਾਰੇ ਜਾਣਕਾਰੀ ਦਿੱਤੀ ਅਤੇ ਮਾਨਤਾ ਪ੍ਰਾਪਤ ਟੈਸਟਿੰਗ ਦੀ ਮਹੱਤਤਾ ਉਜਾਗਰ ਕੀਤੀ।

ਇਸ ਪ੍ਰੋਗਰਾਮ ਵਿੱਚ ਨਿਰਮਾਤਾਵਾਂ ਨੇ ਬਹੁਤ ਉਤਸ਼ਾਹ ਨਾਲ ਭਾਗ ਲਿਆ ਅਤੇ ਤਕਨੀਕੀ ਸੈਸ਼ਨਾਂ ਦੌਰਾਨ ਸਰੋਤ ਵਿਅਕਤੀਆਂ ਨਾਲ ਸਰਗਰਮ ਚਰਚਾ ਕੀਤੀ। ਬੀ.ਆਈ.ਐਸ. ਸਰਟੀਫਿਕੇਸ਼ਨ, ਕੁਆਲਿਟੀ ਕੰਟਰੋਲ ਆਰਡਰਾਂ, ਉਤਪਾਦ ਟੈਸਟਿੰਗ ਅਤੇ ਨਿਯਮਕ ਪਾਲਣਾ ਸਬੰਧੀ ਉਨ੍ਹਾਂ ਦੇ ਸਾਰੇ ਪ੍ਰਸ਼ਨਾਂ ਦੇ ਵਿਸਥਾਰ ਨਾਲ ਜਵਾਬ ਦਿੱਤੇ ਗਏ, ਜਿਸ ਨਾਲ ਇਹ ਸੈਸ਼ਨ ਬਹੁਤ ਜਾਣਕਾਰੀਪੂਰਨ ਅਤੇ ਲਾਭਦਾਇਕ ਸਾਬਤ ਹੋਇਆ।ਅੰਤ ਵਿੱਚ ਸ਼੍ਰੀ ਵਿਕਰਮ ਗਰਗ ਨੇ ਧੰਨਵਾਦ ਪ੍ਰਸਤਾਵ ਪੇਸ਼ ਕਰਦੇ ਹੋਏ ਸਾਰੇ ਮੁੱਖ ਮਹਿਮਾਨਾਂ, ਸਰੋਤ ਵਿਅਕਤੀਆਂ, ਉਦਯੋਗਿਕ ਸੰਸਥਾਵਾਂ ਅਤੇ ਭਾਗ ਲੈਣ ਵਾਲੇ ਨਿਰਮਾਤਾਵਾਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਇਹ ਭਰੋਸਾ ਵੀ ਦਿੱਤਾ ਕਿ ਬੀ.ਆਈ.ਐਸ. ਭਵਿੱਖ ਵਿੱਚ ਵੀ ਉਦਯੋਗਾਂ ਨੂੰ ਭਾਰਤੀ ਮਿਆਰਾਂ ਅਤੇ ਕੁਆਲਿਟੀ ਕੰਟਰੋਲ ਆਰਡਰਾਂ ਦੀ ਪਾਲਣਾ ਲਈ ਹਰ ਸੰਭਵ ਸਹਿਯੋਗ ਪ੍ਰਦਾਨ ਕਰਦਾ ਰਹੇਗਾ, ਜਿਸ ਨਾਲ ਗੁਣਵੱਤਾ, ਸੁਰੱਖਿਆ ਅਤੇ ਖਪਤਕਾਰਾਂ ਦਾ ਭਰੋਸਾ ਹੋਰ ਮਜ਼ਬੂਤ ਹੋਵੇਗਾ।

# ਗੁਲਾਬੀ ਸੁੰਡੀ ਦੀ ਰੋਕਥਾਮ ਲਈ ਨਰਮੇ ਦੀ .ਫਸਲ ਤੇ ਬਲੈਂਕੇਟ ਸਪਰੇਅ ਕਰਨ ਦੀ ਅਪੀਲ

**ਬਠਿੰਡਾ, 31 ਜੁਲਾਈ**
**-ਗੁਰਤੇਜ ਅਤਲਾ-**

ਮੁੱਖ ਖੇਤੀਬਾੜੀ ਅਫ਼ਸਰ ਬਠਿੰਡਾ, ਡਾ. ਹਰਪ੍ਰੀਤ ਪਾਲ ਕੌਰ ਨੇ ਜ਼ਿਲ੍ਹੇ ਦੇ ਨਰਮੇ ਦੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਨਰਮੇ ਦੀ ਫਸਲ ਫੁੱਲ-ਫਲਾਕੇ ਤੇ ਆ ਗਈ ਹੈ, ਜਿਸ ਨੂੰ ਹੁਣ ਸਮੇਂ-ਸਿਰ ਸੰਭਾਲਣ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਗੁਲਾਬੀ ਸੁੰਡੀ ਦੇ ਹਮਲੇ ਦਾ ਖਤਰਾ ਹੁੰਦਾ ਹੈ। ਨਰਮੇ ਦੀ ਫ਼ਸਲ ਨੂੰ ਗੁਲਾਬੀ ਸੁੰਡੀ ਦੇ ਹਮਲੇ ਤੋਂ ਬਚਾਉਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀਆਂ ਸਿਫ਼ਾਰਸ਼ਾਂ ਅਨੁਸਾਰ ਬਲੈਂਕੇਟ ਸਪਰੇਅ ਪਰੋਕਲੇਮ 5 ਐਸ.ਜੀ (ਐਮਾਮੈਕਟੀਨ ਬੈਨਜੋਏਟ) 100 ਗਰਾਮ ਪ੍ਰਤੀ ਏਕੜ ,ਡੈਲੀਗੇਟ 11.7 (ਸਪਾਈਨਟੋਰਮ 170 ਮਿਲੀਲਿਟਰ ਪ੍ਰਤੀ ਏਕੜ, ਪਰਫੈਨੋਫਾਸ 50 ਈ.ਸੀ. 500 ਮਿਲੀਲਿਟਰ ਪ੍ਰਤੀ ਏਕੜ, ਫਾਸਮਾਈਟ (ਈਥੀਆਨ 50 ਈ.ਸੀ) 800 ਮਿਲੀਲਿਟਰ ਪ੍ਰਤੀ ਏਕੜ, ਫੇਮ 480 ਐਸ.ਸੀ. (ਫਲੂਬੈਂਡੀਆਮਾਈਡ) 40 ਐਮ.ਐਲ. ਪ੍ਰਤੀ ਏਕੜ ਦੇ ਹਿਸਾਬ ਨਾਲ ਕੋਈ ਵੀ ਇੱਕ ਸਪਰੇਅ ਕਰ ਲਈ ਜਾਵੇ।



ਉਨ੍ਹਾਂ ਦੱਸਿਆ ਕਿ ਗੁਲਾਬੀ ਸੁੰਡੀ ਨਰਮੇ ਦੀ ਇੱਕ ਬਹੁਤ ਹੀ ਨੁਕਸਾਨਦੇਹ ਕੀਟ ਹੈ, ਜੋ ਟੀਂਡਿਆਂ ਦੇ ਅੰਦਰ ਦਾਖ਼ਲ ਹੋ ਕੇ ਫ਼ਸਲ ਨੂੰ ਭਾਰੀ ਨੁਕਸਾਨ ਪਹੁੰਚਾਉਂਦੀ ਹੈ। ਇਸ ਕੀਟ ਦੀ ਸਮੇਂ-ਸਿਰ ਰੋਕਥਾਮ ਨਾ ਕਰਨ ਨਾਲ ਝਾੜ ਅਤੇ ਰੇਸ਼ੇ ਦੀ ਗੁਣਵੱਤਾ ਦੋਵਾਂ ਪ੍ਰਭਾਵਿਤ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਗੁਲਾਬੀ ਸੁੰਡੀ ਦੇ ਪ੍ਰਭਾਵਸ਼ਾਲੀ ਪ੍ਰਬੰਧਨ ਲਈ ਸਾਰੇ ਕਿਸਾਨ ਇੱਕੋ ਸਮੇਂ ਆਪਣੇ ਖੇਤਰ ਵਿੱਚ ਬਲੈਂਕੇਟ ਸਪਰੇਅ ਕਰਨ, ਤਾਂ ਜੋ ਕੀਟ ਦੇ ਫੈਲਾਅ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਿਆ ਜਾ ਸਕੇ।

ਮੁੱਖ ਖੇਤੀਬਾੜੀ ਅਫ਼ਸਰ ਨੇ ਕਿਸਾਨਾਂ ਨੂੰ ਸਲਾਹ ਦਿੱਤੀ ਕਿ ਸਪਰੇਅ ਕੇਵਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਸਿਫ਼ਾਰਸ਼ ਕੀਤੇ ਕੀਟਨਾਸ਼ਕਾਂ ਅਤੇ ਨਿਰਧਾਰਤ ਮਾਤਰਾ ਅਨੁਸਾਰ ਹੀ ਕੀਤਾ ਜਾਵੇ। ਉਨ੍ਹਾਂ ਨੇ ਇਹ ਵੀ ਅਪੀਲ ਕੀਤੀ ਕਿ ਕਿਸਾਨ ਆਪਣੇ ਖੇਤਾਂ ਦੀ ਨਿਯਮਿਤ ਨਿਗਰਾਨੀ ਕਰਨ ਅਤੇ ਜੇਕਰ ਗੁਲਾਬੀ ਸੁੰਡੀ ਦੇ ਲੱਛਣ ਦਿਖਾਈ ਦੇਣ ਤਾਂ ਤੁਰੰਤ ਆਪਣੇ ਨੇੜਲੇ ਖੇਤੀਬਾੜੀ ਅਫ਼ਸਰ ਜਾਂ ਖੇਤੀਬਾੜੀ ਵਿਕਾਸ ਅਫ਼ਸਰ ਨਾਲ ਸੰਪਰਕ ਕਰਨ। ਸਹੀ ਸਮੇਂ ਕੀਤੀ ਗਈ ਬਲੈਂਕੇਟ ਸਪਰੇਅ ਨਾਲ ਗੁਲਾਬੀ ਸੁੰਡੀ ਦੇ ਹਮਲੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕੰਟਰੋਲ ਕਰਕੇ ਨਰਮੇ ਦੀ ਫਸਲ ਨੂੰ ਸੁਰੱਖਿਅਤ ਰੱਖਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਵਿਭਾਗ ਦੀਆਂ ਸਿਫ਼ਾਰਸ਼ਾਂ ਦੀ ਪਾਲਣਾ ਕਰਦੇ ਹੋਏ ਸਮੂਹਿਕ ਤੌਰ ‘ਤੇ ਗੁਲਾਬੀ ਸੁੰਡੀ ਦਾ ਪ੍ਰਬੰਧਨ ਕਰਨ, ਤਾਂ ਜੋ ਨਰਮੇ ਦੀ ਵੱਧ ਤੋਂ ਵੱਧ ਪੈਦਾਵਾਰ ਅਤੇ ਵਧੀਆ ਗੁਣਵੱਤਾ ਪ੍ਰਾਪਤ ਕੀਤੀ ਜਾ ਸਕੇ।

SEA DESIGN COMPANY
Customized and Designer
- Wedding Invitations - Shagan Envelop
- Wedding Boxes & Cards - Sahi Chithi
(MDF/Acrylic/Foldable Boxes)
98881-88887, 93577-77786

Shaheed-e-Azam
PRINTING PRESS
WORLDWIDE SHIPPING SERVICE
★ Business Cards ★ Books & Note Books
★ Flyers & Broucher ★ Diaries
★ Poster ★ Carry Bags
Opp. Gurudwara Dukhniwaran Sahib Srihind Road, Patiala

# ਸਿੱਖ ਪੰਥ ਦੇ ਧਾਰਮਿਕ ਫ਼ੈਸਲੇ ਸਿਰਫ਼ ਗੁਰੂ ਪੰਥ ਦੀ ਮਰਯਾਦਾ ਅਨੁਸਾਰ ਹੀ ਹੋਣਗੇ : ਗਿਆਨੀ ਕੁਲਦੀਪ ਸਿੰਘ ਗੜਗੱਜ

## ਮੀਰੀ-ਪੀਰੀ ਖ਼ਾਲਸਾ ਮਾਰਚ ਦਾ ਮਕਸਦ ਪੰਥ ਨੂੰ ਇਕਜੁੱਟ ਕਰਨਾ ਅਤੇ ਸਿੱਖੀ ਨਾਲ ਜੋੜਨਾ : ਐਡਵੋਕੇਟ ਧਾਮੀ

**ਫਿਰੋਜ਼ਪੁਰ, 31 ਜੁਲਾਈ**
**-ਸ਼ਹੀਦ-ਏ-ਆਜ਼ਮ-ਬਿਊਰੋ-**

ਸ੍ਰੀ ਅਕਾਲ ਤਖ਼ਤ ਸਾਹਿਬ ਗੁਰੂ ਸਾਹਿਬਾਨ ਵੱਲੋਂ ਸਥਾਪਿਤ ਸਦੀਵੀ ਅਤੇ ਸਰਵਉੱਚ ਅਸਥਾਨ ਹੈ। ਇਸ ਨਾਲ ਟਕਰਾਉਣ ਵਾਲੇ ਕਦੇ ਕਾਮਯਾਬ ਨਹੀਂ ਹੋਏ। ਇਹ ਪ੍ਰਗਟਾਵਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਮੀਰੀ ਪੀਰੀ ਖਾਲਸਾ ਮਾਰਚ ਦੌਰਾਨ ਸੰਗਤਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰਾਂ ਅੱਜ ਹਨ, ਕੱਲ੍ਹ ਨਹੀਂ ਰਹਿਣੀਆਂ, ਪਰ ਗੁਰੂ ਦਾ ਤਖ਼ਤ ਸਦਾ ਕਾਇਮ ਰਹੇਗਾ। ਉਨ੍ਹਾਂ ਕਿਹਾ ਕਿ ਸਿੱਖ ਪੰਥ ਦੇ ਧਾਰਮਿਕ ਅਤੇ ਅੰਦਰੂਨੀ ਮਾਮਲਿਆਂ ਦਾ ਫ਼ੈਸਲਾ ਕੇਵਲ ਗੁਰੂ ਪੰਥ ਦੀ ਪਰੰਪਰਾ ਅਤੇ ਮਰਯਾਦਾ ਅਨੁਸਾਰ ਹੀ ਹੋ ਸਕਦਾ ਹੈ। ਕਿਸੇ ਵੀ ਸਰਕਾਰ ਨੂੰ ਇਹ ਅਧਿਕਾਰ ਨਹੀਂ ਕਿ ਉਹ ਇਹ ਤੈਅ ਕਰੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਕਿੱਥੇ ਸੁਸ਼ੋਭਿਤ ਹੋਵੇ ਜਾਂ ਕਿੱਥੇ ਨਾ ਲਿਜਾਇਆ ਜਾਵੇ। ਉਨ੍ਹਾਂ ਕਿਹਾ ਕਿ ਬੇਅਦਬੀ ਕਰਨ ਵਾਲੇ ਪ੍ਰਤੀ ਕਾਨੂੰਨ ਆਪਣਾ ਕੰਮ ਕਰੇ ਅਤੇ ਦੋਸ਼ੀ ਨੂੰ ਸਖ਼ਤ ਸਜ਼ਾ ਮਿਲੇ, ਪਰ ਸਰਕਾਰ ਦਾ ਧਾਰਮਿਕ ਮਾਮਲਿਆਂ ਵਿੱਚ ਦਖ਼ਲ ਸਿੱਖ ਕੌਮ ਕਦੇ ਵੀ ਸਵੀਕਾਰ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਧਰਮ ਸ਼ਰਧਾ ਅਤੇ ਵਿਸ਼ਵਾਸ ਦਾ ਵਿਸ਼ਾ ਹੈ। ਸਿੱਖ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਕੌਮ ਨੇ ਆਪਣੇ ਧਰਮ ਦੀ ਆਜ਼ਾਦੀ ਅਤੇ ਮਰਯਾਦਾ ਦੀ ਰੱਖਿਆ ਲਈ ਹਰ ਤਰ੍ਹਾਂ ਦੀ ਕੁਰਬਾਨੀ ਦਿੱਤੀ ਹੈ, ਪਰ ਕਿਸੇ ਦਬਾਅ ਅੱਗੇ ਕਦੇ ਸਿਰ ਨਹੀਂ ਝੁਕਾਇਆ।



ਉਨ੍ਹਾਂ ਕਿਹਾ ਕਿ ਮੀਰੀ-ਪੀਰੀ ਖ਼ਾਲਸਾ ਮਾਰਚ ਦਾ ਮਕਸਦ ਵੀ ਸੰਗਤ ਨੂੰ ਗੁਰੂ ਨਾਲ ਜੋੜਨਾ, ਸਿੱਖੀ ਸਿਧਾਂਤਾਂ ਨੂੰ ਮਜ਼ਬੂਤ ਕਰਨਾ ਅਤੇ ਕੌਮ ਵਿੱਚ ਏਕਤਾ ਦਾ ਸੰਦੇਸ਼ ਦੇਣਾ ਹੈ। ਉਨ੍ਹਾਂ ਵੱਖ ਵੱਖ ਥਾਵਾਂ ’ਤੇ ਗੁਰੂ ਦੋਖੀ ਅਤੇ ਖਾਲਸਾ ਪੰਥ ਵਿਰੋਧੀ ਪੋਸਟਰ ਫੜ ਕੇ ਖੜ੍ਹੇ ਨੌਜਵਾਨਾਂ ਦਾ ਜਿਕਰ ਕਰਦਿਆਂ ਕਿਹਾ ਕਿ ਪੰਥ ਵਿਰੋਧੀ ਕਾਰਵਾਈਆਂ ਕਰਨ ਵਾਲਿਆਂ ਵਿਰੁੱਧ ਨੌਜਵਾਨਾਂ ਅੰਦਰ ਵੱਡਾ ਗੁੱਸਾ ਹੈ। ਉਨ੍ਹਾਂ ਕਿਹਾ ਪੰਥ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੈ ਅਤੇ ਇਸ ਦੇ ਹਰ ਆਦੇਸ਼ ਦਾ ਸਤਿਕਾਰ ਕਰਦਾ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਅਬਦਾਲੀ ਆਇਆ, ਨਾਦਰ ਸ਼ਾਹ ਆਇਆ ਅਤੇ ਹੋਰ ਅਨੇਕਾਂ ਹਮਲਾਵਰ ਆਏ ਤੇ ਚਲੇ ਗਏ, ਪਰ ਗੁਰੂ ਦਾ ਪੰਥ ਅਡੋਲ ਖੜ੍ਹਾ ਰਿਹਾ। ਉਨ੍ਹਾਂ ਪੰਥ ਵਿਰੋਧੀ ਤਾਕਤਾਂ ਤੋਂ ਸੁਚੇਤ ਰਹਿਣ ਦੀ ਵੀ ਪ੍ਰੇਰਨਾ ਕੀਤੀ।

ਖਾਲਸਾ ਮਾਰਚ ਦੌਰਾਨ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕਰਕੇ ਮੀਰੀ-ਪੀਰੀ ਦਾ ਸਿਧਾਂਤ ਦਿੱਤਾ। ਇਸ ਸਿਧਾਂਤ ਨੇ ਸਪਸ਼ਟ ਕੀਤਾ ਕਿ ਰਾਜਸੱਤਾ ਧਰਮ ਦੇ ਅਧੀਨ ਰਹੇਗੀ। ਇਸੇ ਕਰਕੇ ਅੱਜ ਵੀ ਸਿੱਖ ਪੰਥ ਵਿੱਚ ਸਭ ਤੋਂ ਉੱਚਾ ਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੈ ਅਤੇ ਵੱਡੀ ਤੋਂ ਵੱਡੀ ਸ਼ਖ਼ਸੀਅਤ ਵੀ ਇੱਥੇ ਆ ਕੇ ਆਪਣਾ ਸੀਸ ਨਿਵਾਉਂਦੀ ਹੈ। ਉਨ੍ਹਾਂ ਕਿਹਾ ਕਿ ਕੋਈ ਵਿਅਕਤੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚਨੌਤੀ ਦੇਵੇ ਖਾਲਸਾ ਪੰਥ ਇਹ ਕਦੇ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਅੱਜ ਲੋੜ ਹੈ ਕਿ ਅਸੀਂ ਪੰਥ ਵਿਰੋਧੀ ਤਾਕਤਾਂ ਤੋਂ ਸੁਚੇਤ ਰਹੀਏ ਅਤੇ ਆਪਣੇ ਬੱਚਿਆਂ ਨੂੰ ਗੁਰਬਾਣੀ, ਗੁਰਮਤਿ ਅਤੇ ਸਿੱਖ ਇਤਿਹਾਸ ਨਾਲ ਜੋੜੀਏ। ਇਹੋ ਮੀਰੀ ਪੀਰੀ ਖਾਲਸਾ ਮਾਰਚ ਦਾ ਮਕਸਦ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ, ਕੌਮੀ ਏਕਤਾ, ਪੰਥਕ ਚੇਤਨਾ ਅਤੇ ਨੌਜਵਾਨੀ ਨੂੰ ਸਿੱਖ ਵਿਰਸੇ ਨਾਲ ਜੋੜਨ ਦੇ ਮੰਤਵ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋਏ ਮੀਰੀ ਪੀਰੀ ਖਾਲਸਾ ਮਾਰਚ ਪ੍ਰਤੀ ਸੰਗਤਾਂ ਅੰਦਰ ਵੱਡਾ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ। ਵੱਖ ਵੱਖ ਪੜਾਵਾਂ ਤੇ ਸੰਗਤਾਂ ਵੱਲੋਂ ਖਾਲਸਾ ਮਾਰਚ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਜਾ ਰਿਹਾ ਹੈ। ਸੱਤਵੇਂ ਦਿਨ ਅੱਜ ਇਹ ਖਾਲਸਾ ਮਾਰਚ ਗੁਰਦੁਆਰਾ ਜਾਮਨੀ ਸਾਹਿਬ ਬਜੀਦਪੁਰ (ਫਿਰੋਜ਼ਪੁਰ) ਤੋਂ ਅਗਲੇ ਪੜਾਅ ਗੁਰਦੁਆਰਾ ਖ਼ਾਲਸਾ ਦੀਵਾਨ ਫਰੀਦਕੋਟ ਲਈ ਰਵਾਨਾ ਹੋਇਆ। ਖ਼ਾਲਸਾ ਮਾਰਚ ਦੀ ਰਵਾਨਗੀ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਸਮਾਗਮ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਨੇ ਸੰਗਤਾਂ ਨੂੰ ਇਤਿਹਾਸ ਨਾਲ ਜੋੜਿਆ। ਆਰੰਭਤਾ ਸਮੇਂ ਅਰਦਾਸ ਮਗਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਪਾਲਕੀ ਸਾਹਿਬ ਵਿੱਚ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਨੇ ਸੁਸ਼ੋਭਿਤ ਕੀਤਾ ਅਤੇ ਚੌਰ ਸਾਹਿਬ ਦੀ ਸੇਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਨਿਭਾਈ।

ਮੀਰੀ ਪੀਰੀ ਖਾਲਸਾ ਮਾਰਚ ਦਾ ਫਿਰੋਜ਼ਪੁਰ ਸ਼ਹਿਰ, ਨੂਰਪੁਰ ਸੇਠਾਂ ਅੱਡਾ, ਰੁਕਣਾ ਬੇਗੂ, ਸਾਈਆਂ ਵਾਲਾ, ਗੋਲੇਵਾਲਾ, ਰਾਜੋਆਣਾ, ਨਵੀਂ ਪਿੱਪਲੀ, ਬਸਤੀ ਨਾਨਕਸਰ, ਸਾਦਿਕ ਚੌਕ ਫਰੀਦਕੋਟ, ਘਨ੍ਹਈਆ ਚੌਕ, ਘੰਟਾ ਘਰ ਚੌਕ ਵਿਖੇ ਸੰਗਤਾਂ ਵੱਲੋਂ ਭਰਵਾਂ ਸਵਾਗਤ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਸ਼ਰਧਾ ਪ੍ਰਗਟਾਈ ਗਈ। ਖ਼ਾਲਸਾ ਮਾਰਚ ਦਾ ਅੱਜ ਰਾਤ ਦਾ ਪੜਾਅ ਗੁਰਦੁਆਰਾ ਗੁਰਦੁਆਰਾ ਖ਼ਾਲਸਾ ਦੀਵਾਨ ਫਰੀਦਕੋਟ ਵਿਖੇ ਹੋਵੇਗਾ, ਜਿਥੋਂ ਭਲਕੇ ਅਗਲੇ ਪੜਾਅ ਲਈ ਰਵਾਨਾ ਹੋਵੇਗਾ। ਖ਼ਾਲਸਾ ਮਾਰਚ ਨਾਲ ਚੱਲ ਰਹੀ ਗੁਰੂ ਸਾਹਿਬਾਨ ਅਤੇ ਸ਼ਹੀਦ ਸਿੰਘਾਂ ਦੇ ਸ਼ਸ਼ਤਰਾਂ ਵਾਲੀ ਬੱਸ ਅਤੇ ਵੱਖ-ਵੱਖ ਗੱਡੀਆਂ ’ਤੇ ਲਗਾਏ ਗਏ ਸ਼ਹੀਦ ਸਿੰਘਾਂ ਦੇ ਸਚਿੱਤਰ ਸੰਗਤਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ। ਇਸ ਮੌਕੇ ਸ. ਅੰਮ੍ਰਿਤਪਾਲ ਸਿੰਘ ਵੱਲੋਂ ਖ਼ਾਲਸਾ ਮਾਰਚ ’ਤੇ ਫੁੱਲਾਂ ਦੀ ਸੇਵਾ ਕਰਵਾਈ ਗਈ।

ਇਸ ਮੌਕੇ ਸੀਨੀਅਰ ਅਕਾਲੀ ਆਗੂ ਸ. ਜਨਮੇਜਾ ਸਿੰਘ ਸੇਖੋਂ, ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ ਮੈਂਬਰ ਸ. ਦਰਸ਼ਨ ਸਿੰਘ ਸ਼ੇਰਖਾਂ, ਸ. ਪ੍ਰੀਤਮ ਸਿੰਘ ਮਲਸੀਹਾਂ, ਸ. ਸਤਪਾਲ ਸਿੰਘ ਤਲਵੰਡੀ ਭਾਈ, ਸ. ਬਲਵਿੰਦਰ ਸਿੰਘ ਭੰਮਾਂ ਲੰਡਾ, ਸ. ਦਰਸ਼ਨ ਸਿੰਘ ਮੋਠਾਂਵਾਲਾ, ਬੀਬੀ ਪਰਮਿੰਦਰ ਕੌਰ, ਬੀਬੀ ਗੁਰਿੰਦਰ ਕੌਰ ਭੋਲੂਵਾਲਾ, ਸ. ਦਰਸ਼ਨ ਸਿੰਘ ਬਰਾੜ, ਸਾਬਕਾ ਵਿਧਾਇਕ ਸ. ਸੁਖਪਾਲ ਸਿੰਘ, ਸ. ਵਰਦੇਵ ਸਿੰਘ ਨੋਨੀ ਮਾਨ, ਸ. ਨਗਿੰਦਰ ਸਿੰਘ ਜੰਟੂ, ਸ. ਹਰਦੇਵ ਸਿੰਘ, ਸ. ਜੋਗਿੰਦਰ ਸਿੰਘ, ਬਾਬਾ ਮੇਜਰ ਸਿੰਘ ਸੋਢੀ, ਬਾਬਾ ਗੁਰਮੇਜ ਸਿੰਘ ਕਾਰਸੇਵਾ ਤਰਨਤਾਰਨ ਸਾਹਿਬ, ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਸ. ਗੁਰਮੀਤ ਸਿੰਘ ਮੁਕਤਸਰੀ, ਇੰਚਾਰਜ ਸ. ਗੁਰਪ੍ਰੀਤ ਸਿੰਘ ਰੋਡੇ, ਸ. ਅਵਤਾਰ ਸਿੰਘ, ਐਡੀਸ਼ਨਲ ਮੈਨੇਜਰ ਸ. ਯੁਵਰਾਜ ਸਿੰਘ, ਸ. ਤੇਜਬੀਰ ਸਿੰਘ, ਸ. ਜਸਪਾਲ ਸਿੰਘ, ਇੰਚਾਰਜ ਸ. ਸੁਖਵਿੰਦਰ ਸਿੰਘ, ਬਾਬਾ ਸ਼ਮਸ਼ੇਰ ਸਿੰਘ ਪੰਥ ਅਕਾਲੀ ਤਰਨਾ ਦਲ ਬਟਾਲਾ, ਬਾਬਾ ਬਲਦੇਵ ਸਿੰਘ ਵੱਲਾ, ਬਾਬਾ ਸਤਨਾਮ ਸਿੰਘ ਖਾਪੜਖੇੜੀ, ਹੈਡ ਪ੍ਰਚਾਰਕ ਭਾਈ ਜਗਦੇਵ ਸਿੰਘ ਮੈਨੇਜਰ ਸ. ਜਗਦੇਵ ਸਿੰਘ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਸੁਪਰੀਮ ਕੋਰਟ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ‘ਆਪ’ ਆਗੂਆਂ ਨੂੰ ਨੋਟਿਸ

**ਨਵੀਂ ਦਿੱਲੀ, 31 ਜੁਲਾਈ**
**-ਚੌਧਰੀ ਪ੍ਰਭਜੀਤ ਸਿੰਘ-**

ਸੁਪਰੀਮ ਕੋਰਟ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਨੋਟਿਸ ਜਾਰੀ ਕੀਤਾ ਹੈ। ਇਹ ਨੋਟਿਸ ਚੰਡੀਗੜ੍ਹ ਪ੍ਰਸ਼ਾਸਨ ਦੀ ਉਸ ਪਟੀਸ਼ਨ ’ਤੇ ਜਾਰੀ ਕੀਤਾ ਗਿਆ ਹੈ ਜਿਸ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਉਸ ਫ਼ੈਸਲੇ ਨੂੰ ਚੁਣੌਤੀ ਦਿੱਤੀ ਗਈ ਹੈ ਜਿਸ ਵਿਚ 2020 ਦੌਰਾਨ ਬਿਜਲੀ ਦੇ ਰੇਟ ਵਧਣ ਖ਼ਿਲਾਫ਼ ਕੀਤੇ ਗਏ ਪ੍ਰਦਰਸ਼ਨ ਦੌਰਾਨ ਦਰਜ ਕੀਤੇ ਗਏ ਦੰਗਿਆਂ ਦੇ ਕੇਸ ਨੂੰ ਰੱਦ ਕਰ ਦਿੱਤਾ ਗਿਆ ਸੀ।

ਚੀਫ਼ ਜਸਟਿਸ ਸੂਰਿਆ ਕਾਂਤ, ਜਸਟਿਸ ਜੋਇਮਾਲਿਆ ਬਾਗਚੀ ਅਤੇ ਜਸਟਿਸ ਵੀ. ਮੋਹਨਾ ਦੇ ਬੈਂਚ ਨੇ ਭਗਵੰਤ ਮਾਨ ਅਤੇ ‘ਆਪ’ ਆਗੂਆਂ ਹਰਪਾਲ ਸਿੰਘ ਚੀਮਾ, ਗੁਰਮੀਤ ਸਿੰਘ, ਮੀਤ ਹੇਅਰ, ਬਲਜਿੰਦਰ ਕੌਰ, ਅਮਨ ਅਰੋੜਾ ਅਤੇ ਹੋਰਾਂ ਨੂੰ ਚੰਡੀਗੜ੍ਹ ਪ੍ਰਸ਼ਾਸਨ ਦੀ ਪਟੀਸ਼ਨ ’ਤੇ ਜਵਾਬ ਦੇਣ ਲਈ ਕਿਹਾ। ਇਹ ਹੁਕਮ ਵਧੀਕ ਸਾਲਿਸਟਰ ਜਨਰਲ ਐਸ.ਵੀ. ਰਾਜੂ ਵੱਲੋਂ ਇਹ ਦਲੀਲ ਦੇਣ ਤੋਂ ਬਾਅਦ ਦਿੱਤਾ ਗਿਆ ਕਿ ਹਾਈ ਕੋਰਟ ਨੇ ਪੂਰੀ ਤਰ੍ਹਾਂ ਗਲਤ ਹੁਕਮ ਪਾਸ ਕੀਤਾ ਸੀ।

ਅਦਾਲਤ ਵਿੱਚ ਵਧੀਕ ਸੌਲਿਸਟਰ ਜਨਰਲ ਐੱਸ.ਵੀ. ਰਾਜੂ ਨੇ ਪਟੀਸ਼ਨ ਦਾ ਵਿਰੋਧ ਕਰਦਿਆਂ ਦਲੀਲ ਦਿੱਤੀ ਕਿ ਹਾਈ ਕੋਰਟ ਨੇ ਬਹੁਤ ਹੀ ਗਲਤ ਫ਼ੈਸਲਾ ਸੁਣਾਇਆ ਹੈ। ਉਨ੍ਹਾਂ ਕਿਹਾ ਕਿ ਉਥੇ ਗ਼ੈਰ-ਕਾਨੂੰਨੀ ਇਕੱਠ ਕੀਤਾ ਗਿਆ ਸੀ, ਜਿਸ ਵਿੱਚ ਉਕਤ ਸਾਰੇ ਸ਼ਾਮਲ ਸਨ ਅਤੇ ਉਨ੍ਹਾਂ ਦੇ ਨਾਮ ਐੱਫ.ਆਈ.ਆਰ. ਵਿੱਚ ਦਰਜ ਹਨ।

ਇਸ ਇਕੱਠ ਵਿਚ ਮੌਜੂਦ ਕਈ ਜਣਿਆਂ ਨੇ ਹਿੰਸਕ ਕਾਰਵਾਈ ਕੀਤੀ ਜਿਸ ਕਾਰਨ ਪੁਲੀਸ ਅਧਿਕਾਰੀਆਂ ਨੂੰ ਸੱਟਾਂ ਵੀ ਲੱਗੀਆਂ। ਉਨ੍ਹਾਂ ਅਦਾਲਤ ਅੱਗੇ ਪੱਖ ਰੱਖਿਆ ਕਿ ਪਹਿਲਾਂ ਵਾਲੇ ਹੁਕਮ ਵਿਚ ਕਿਹਾ ਗਿਆ ਸੀ ਕਿ ਇਹ ਗ਼ੈਰ-ਕਾਨੂੰਨੀ ਇਕੱਠ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਧਾਰਾ 144 ਤਹਿਤ ਕੋਈ ਹੁਕਮ ਨਹੀਂ ਸੀ ਜੋ ਬਿਲਕੁਲ ਗਲਤ ਹੈ। ਉਸ ਵੇਲੇ ਮੁੱਖ ਮੰਤਰੀ ਮਾਨ ਨੇ ਭਾਵੇਂ ਖ਼ੁਦ ਕੋਈ ਹਿੰਸਕ ਕਾਰਵਾਈ ਨਾ ਕੀਤੀ ਹੋਵੇ ਪਰ ਭੀੜ ਦੇ ਕਿਸੇ ਵੀ ਮੈਂਬਰ ਵੱਲੋਂ ਕੀਤੀ ਗਈ ਕਾਰਵਾਈ ਦੀ ਜ਼ਿੰਮੇਵਾਰੀ ਉਨ੍ਹਾਂ ’ਤੇ ਵੀ ਬਣਦੀ ਹੈ।

ਇਸ ਤੋਂ ਪਹਿਲਾਂ 16 ਜੁਲਾਈ ਨੂੰ ਸਰਵਉਚ ਅਦਾਲਤ ਨੇ ਕਿਹਾ ਸੀ ਕਿ ਉਹ ਚੰਡੀਗੜ੍ਹ ਪ੍ਰਸ਼ਾਸਨ ਦੀ ਪਟੀਸ਼ਨ ’ਤੇ ਦਖ਼ਲ ਦੇਣ ਦੇ ਇੱਛੁਕ ਨਹੀਂ ਹਨ। ਚੀਫ਼ ਜਸਟਿਸ ਨੇ ਉਸ ਸਮੇਂ ਟਿੱਪਣੀ ਕੀਤੀ ਸੀ ਕਿ ਨਾਅਰੇਬਾਜ਼ੀ ਲੋਕਤੰਤਰ ਵਿੱਚ ਹਰ ਕੋਈ ਕਰਦਾ ਹੈ ਅਤੇ ਹੁਣ ਜਦੋਂ ਭਗਵੰਤ ਮਾਨ ਇੱਕ ਜ਼ਿੰਮੇਵਾਰੀ ਵਾਲੀ ਅਹੁਦੇ ’ਤੇ ਹਨ ਤਾਂ ਉਹ ਆਪਣੀ ਜ਼ਿੰਮੇਵਾਰੀ ਨੂੰ ਵੀ ਚੰਗੀ ਤਰ੍ਹਾਂ ਸਮਝਣਗੇ। ਇਸ ਤੋਂ ਇਲਾਵਾ 21 ਜੁਲਾਈ ਨੂੰ ਅਦਾਲਤ ਨੇ ਸਪੱਸ਼ਟ ਕੀਤਾ ਸੀ ਕਿ ਮੁੱਖ ਮੰਤਰੀ ਮਾਨ ਅਤੇ ਹੋਰ ਆਗੂਆਂ ਵਿਰੁੱਧ ਅਜਿਹਾ ਕੋਈ ਦੋਸ਼ ਨਹੀਂ ਹੈ ਕਿ ਉਨ੍ਹਾਂ ਨੇ ਚੰਡੀਗੜ੍ਹ ਵਿੱਚ ਬਿਜਲੀ ਦੀਆਂ ਕੀਮਤਾਂ ਵਧਣ ਦੇ ਵਿਰੋਧ ਵਿੱਚ ਪ੍ਰਦਰਸ਼ਨ ਕਰ ਰਹੀ ਭੀੜ ਨੂੰ ਜਾਣਬੁੱਝ ਕੇ ਉਕਸਾਇਆ ਸੀ।

ਐੱਫ.ਆਈ.ਆਰ. ਦਰਜ ਹੋਣ ਤੋਂ ਲਗਪਗ ਛੇ ਸਾਲ ਬਾਅਦ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਤ੍ਰਿਭੁਵਨ ਦਾਹੀਆ ਨੇ 29 ਨਵੰਬਰ 2025 ਨੂੰ ਭਗਵੰਤ ਮਾਨ ਅਤੇ ਹੋਰ ‘ਆਪ’ ਆਗੂਆਂ ਵਿਰੁੱਧ ਦਰਜ ਕੇਸ, ਚਾਰਜਸ਼ੀਟ ਅਤੇ ਸਾਰੀਆਂ ਅਗਲੀਆਂ ਕਾਰਵਾਈਆਂ ਨੂੰ ਰੱਦ ਕਰ ਦਿੱਤਾ ਸੀ।

ਜ਼ਿਕਰਯੋਗ ਹੈ ਕਿ ਚੰਡੀਗੜ੍ਹ ਪੁਲੀਸ ਨੇ 10 ਜਨਵਰੀ 2020 ਨੂੰ ਉਸ ਸਮੇਂ ਮਾਮਲਾ ਦਰਜ ਕੀਤਾ ਸੀ ਜਦੋਂ ਭਗਵੰਤ ਮਾਨ, ਅਮਨ ਅਰੋੜਾ, ਹਰਪਾਲ ਸਿੰਘ ਚੀਮਾ, ਬਲਜਿੰਦਰ ਕੌਰ, ਮਨਜੀਤ ਸਿੰਘ ਬਿਲਾਸਪੁਰ ਅਤੇ ਸਰਵਜੀਤ ਕੌਰ ਸਮੇਤ ਹੋਰ ਆਗੂਆਂ ਨੇ ਬਿਜਲੀ ਮਹਿੰਗੀ ਹੋਣ ਖ਼ਿਲਾਫ਼ ਰੋਸ ਮਾਰਚ ਕੱਢਿਆ ਸੀ। ਹਾਈ ਕੋਰਟ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਸੀ ਕਿ ਪੁਲੀਸ ਕੋਲ ਪ੍ਰਦਰਸ਼ਨਕਾਰੀਆਂ ਨੂੰ ਰੋਕਣ ਦਾ ਕੋਈ ਜਾਇਜ਼ ਕਾਰਨ ਨਹੀਂ ਸੀ ਕਿਉਂਕਿ ਜ਼ਾਬਤਾ ਫੌਜਦਾਰੀ ਦੀ ਧਾਰਾ 144 ਤਹਿਤ ਕੋਈ ਰੋਕ ਲਾਉਣ ਵਾਲਾ ਹੁਕਮ ਜਾਰੀ ਨਹੀਂ ਕੀਤਾ ਗਿਆ ਸੀ।

ਪੁਲੀਸ ਸ਼ਿਕਾਇਤ ਵਿੱਚ ਦੋਸ਼ ਲਾਇਆ ਗਿਆ ਸੀ ਕਿ 10 ਜਨਵਰੀ 2020 ਨੂੰ ਇਨ੍ਹਾਂ ਆਗੂਆਂ ਦੀ ਅਗਵਾਈ ਵਿੱਚ ਪਾਰਟੀ ਦੇ ਕਾਰਕੁਨਾਂ ਨੇ ਤਤਕਾਲੀ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ ਵੱਲ ਜਾਣ ਵੇਲੇ ਪੁਲੀਸ ਨਾਲ ਧੱਕਾ-ਮੁੱਕੀ ਅਤੇ ਹਮਲਾ ਕੀਤਾ ਸੀ। ਸ਼ਿਕਾਇਤ ਮੁਤਾਬਕ ਆਗੂਆਂ ਦੇ ਉਕਸਾਉਣ ’ਤੇ ਕਾਰਕੁਨਾਂ ਨੇ ਬੈਰੀਕੇਡ ਤੋੜਨ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਕਾਬੂ ਕਰਨ ਲਈ ਪੁਲੀਸ ਨੇ ਪਾਣੀ ਦੀਆਂ ਬੁਛਾੜਾਂ ਦੀ ਵਰਤੋਂ ਕੀਤੀ ਅਤੇ ਭੀੜ ਵੱਲੋਂ ਕੀਤੀ ਗਈ ਪੱਥਰਬਾਜ਼ੀ ਵਿੱਚ ਕਈ ਪੁਲੀਸ ਕਰਮਚਾਰੀ ਜ਼ਖ਼ਮੀ ਹੋ ਗਏ ਸਨ। ਹੁਣ ਇਸ ਪੂਰੇ ਮਾਮਲੇ ਵਿੱਚ ਸੁਪਰੀਮ ਕੋਰਟ ਵੱਲੋਂ ਨੋਟਿਸ ਜਾਰੀ ਹੋਣ ਤੋਂ ਬਾਅਦ ਕਾਨੂੰਨੀ ਪ੍ਰਕਿਰਿਆ ਫਿਰ ਤੋਂ ਤੇਜ਼ ਹੋ ਗਈ ਹੈ।

# ਐੱਲ.ਈ.ਡੀ. ਸਕ੍ਰੀਨ ਤੇ ਦਿਖਾਈ ਗਈ ਗੁਰੂ ਰਵਿਦਾਸ ਜੀ ਦੇ ਜੀਵਨ ਤੇ ਆਧਾਰਿਤ ਦਸਤਾਵੇਜ਼ੀ

**ਬਟਾਲਾ, 31 ਜੁਲਾਈ**
**-ਸ਼ਹੀਦ-ਏ-ਆਜ਼ਮ-ਬਿਊਰੋ-**




ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ਼ੁਰੂ ਕੀਤੀ ਗਈ ਵਿਸ਼ੇਸ਼ ਦਸਤਾਵੇਜ਼ੀ ਮੁਹਿੰਮ ਨੂੰ ਪਿੰਡ ਪੱਧਰ ’ਤੇ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਉਪਰਾਲੇ ਦਾ ਮਕਸਦ ਗੁਰੂ ਸਾਹਿਬ ਦੇ ਪਵਿੱਤਰ ਜੀਵਨ, ਸਮਾਜਿਕ ਬਰਾਬਰੀ, ਮਨੁੱਖਤਾ ਅਤੇ ਭਾਈਚਾਰੇ ਦੇ ਮਹਾਨ ਸੰਦੇਸ਼ ਨੂੰ ਹਰ ਘਰ ਤੱਕ ਪਹੁੰਚਾਉਣਾ ਹੈ, ਤਾਂ ਜੋ ਲੋਕ ਆਪਣੇ ਅਧਿਆਤਮਕ ਅਤੇ ਸਮਾਜਿਕ ਵਿਰਸੇ ਨਾਲ ਹੋਰ ਮਜ਼ਬੂਤੀ ਨਾਲ ਜੁੜ ਸਕਣ।

ਬਟਾਲਾ ਹਲਕੇ ਅਧੀਨ ਪਿੰਡ ਨੌਸ਼ਹਿਰਾ ਮੱਝਾ ਸਿੰਘ ਅਤੇ ਬਹਿਬਲਚੱਕ ਵਿਖੇ ਆਧੁਨਿਕ ਵੱਡੀ ਐੱਲ.ਈ.ਡੀ. ਸਕ੍ਰੀਨ ਰਾਹੀਂ ਇਹ 30 ਮਿੰਟ ਦੀ ਪ੍ਰਭਾਵਸ਼ਾਲੀ ਦਸਤਾਵੇਜ਼ੀ ਫ਼ਿਲਮ ਸੰਗਤਾਂ ਨੂੰ ਦਿਖਾਈ ਗਈ। ਫ਼ਿਲਮ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ, ਉਨ੍ਹਾਂ ਦੇ ਮਨੁੱਖਤਾਵਾਦੀ ਫ਼ਲਸਫ਼ੇ, ਸਮਾਜਿਕ ਸਮਾਨਤਾ ਅਤੇ ਲੋਕ-ਭਲਾਈ ਲਈ ਦਿੱਤੇ ਸੰਦੇਸ਼ਾਂ ਨੂੰ ਬਹੁਤ ਹੀ ਪ੍ਰੇਰਣਾਦਾਇਕ ਢੰਗ ਨਾਲ ਪੇਸ਼ ਕੀਤਾ ਗਿਆ।

ਪਿੰਡ ਵਾਸੀਆਂ ਅਤੇ ਨੌਜਵਾਨਾਂ ਨੇ ਦਸਤਾਵੇਜ਼ੀ ਨੂੰ ਦੇਖਣ ਲਈ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਪਿੰਡ ਵਾਸੀਆਂ ਨੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਨਾ ਸਿਰਫ਼ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨਾਲ ਜੋੜਦੇ ਹਨ, ਸਗੋਂ ਸਮਾਜ ਵਿੱਚ ਆਪਸੀ ਪਿਆਰ, ਸਾਂਝ, ਬਰਾਬਰੀ ਅਤੇ ਸਦਭਾਵਨਾ ਦੀ ਭਾਵਨਾ ਨੂੰ ਵੀ ਹੋਰ ਮਜ਼ਬੂਤ ਕਰਦੇ ਹਨ। ਪੰਜਾਬ ਸਰਕਾਰ ਵੱਲੋਂ ਇਹ ਦਸਤਾਵੇਜ਼ੀ ਸ਼ੋਅ ਆਉਣ ਵਾਲੇ ਦਿਨਾਂ ਵਿੱਚ ਹਲਕੇ ਦੇ ਬਾਕੀ ਪਿੰਡਾਂ ਵਿੱਚ ਵੀ ਕਰਵਾਏ ਜਾਣਗੇ। ਇਸ ਪਹਿਲ ਰਾਹੀਂ ਨਵੀਂ ਪੀੜ੍ਹੀ ਨੂੰ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀ ਮਹਾਨ ਵਿਚਾਰਧਾਰਾ ਨਾਲ ਜੋੜਨ ਅਤੇ ਉਨ੍ਹਾਂ ਦੇ ਸਰਬੱਤ ਦੇ ਭਲੇ, ਸਮਾਨਤਾ ਅਤੇ ਮਨੁੱਖਤਾ ਦੇ ਸੰਦੇਸ਼ ਨੂੰ ਘਰ-ਘਰ ਤੱਕ ਪਹੁੰਚਾਉਣ ਦਾ ਮਹੱਤਵਪੂਰਨ ਯਤਨ ਕੀਤਾ ਜਾ ਰਿਹਾ ਹੈ।

# ਬਰਨਾਲਾ ਲਾਠੀਚਾਰਜ ਦੇ ਵਿਰੁੱਧ ਸਫ਼ਾਈ ਸੇਵਕਾਂ ਵਲੋਂ ਬੰਦ ਦੇ ਸੱਦੇ ਨੂੰ ਲੈ ਕੇ ਮਾਛੀਵਾੜਾ ਵਿਖੇ ਮਿਲਿਆ ਪੂਰਨ ਸਹਿਯੋਗ

**ਮਾਛੀਵਾੜਾ ਸਾਹਿਬ, 31 ਜੁਲਾਈ**
**-ਸ਼ਹੀਦ-ਏ-ਆਜ਼ਮ-ਬਿਊਰੋ-**

ਪੰਜਾਬ ਭਰ ਵਿੱਚ ਸਫ਼ਾਈ ਸੇਵਕਾਂ ਵੱਲੋਂ ਬਰਨਾਲਾ ਵਿਖੇ ਕੀਤੇ ਗਏ ਸਫਾਈ ਸੇਵਕਾਂ ਤੇ ਲਾਠੀ ਚਾਰਜ ਦੇ ਵਿਰੁੱਧ ਅਤੇ ਸਫ਼ਾਈ ਸੇਵਕਾਂ ਵਲੋਂ ਆਪਣੀ ਹੱਕੀ ਮੰਗਾਂ ਨੂੰ ਲੈ ਕੇ ਪੰਜਾਬ ਬੰਦ ਦਾ ਸੱਦਾ ਦਿੱਤਾ ਸੀ, ਜਿਸਦੇ ਮੱਦੇਨਜ਼ਰ ਮਾਛੀਵਾੜਾ ਦੇ ਬਜ਼ਾਰ ਮੁਕੰਮਲ ਬੰਦ ਰਹੇ। ਸਵੇਰ ਤੋਂ ਲੈ ਕੇ ਸ਼ਾਮ ਤੱਕ ਸਾਰਾ ਬਾਜ਼ਾਰ ਮੁਕੰਮਲ ਤੌਰ ਤੇ ਬੰਦ ਰਿਹਾ ,ਜਦਕਿ ਸ਼ਹਿਰ ਦੇ ਨਜ਼ਦੀਕ ਕਸਬਿਆਂ ਵਿੱਚ ਇੱਕਾ ਦੁਕਾ ਦੁਕਾਨਾਂ ਨੂੰ ਛੱਡ ਖੁੱਲੀਆਂ ਰਹੀਆਂ।

# ਵਿਦਿਆਰਥੀਆਂ ਦੀ ਪਹਿਲਕਦਮੀ ਨਾਲ ਵੋਟਰ ਸੁਧਾਈ ਦਾ ਕੰਮ ਲੱਗਭਗ ਮੁਕੰਮਲ



**ਤਰਨਤਾਰਨ, 31 ਜੁਲਾਈ**
**-ਸ਼ਹੀਦ-ਏ-ਆਜ਼ਮ-ਬਿਊਰੋ-**

ਐਸ.ਆਈ.ਆਰ 2026 ਤਹਿਤ ਵੋਟਰ ਸੂਚੀ ਸੁਧਾਈ ਦੇ ਕੰਮ ਨੂੰ ਅੰਤਿਮ ਰੂਪ ਦੇਣ ਲਈ ਜ਼ਿਲ੍ਹਾ ਸਿੱਖਿਆ ਵਿਭਾਗ ਵੱਲੋਂ ਲਗਾਤਾਰ ਨਵੇਂ ਉਪਰਾਲੇ ਕੀਤੇ ਜਾ ਰਹੇ ਹਨ। ਅੱਜ ਜ਼ਿਲ੍ਹੇ ਭਰ ਦੇ ਸਕੂਲਾਂ ਵਿੱਚ ਵਿਦਿਆਰਥੀਆਂ ਨੇ ਹਿਊਮਨ ਚੇਨ ਬਣਾ ਕੇ ਵੋਟਰ ਜਾਗਰੂਕਤਾ ਦਾ ਇਕ ਵਿਲੱਖਣ ਸੰਦੇਸ਼ ਦਿੱਤਾ।

ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ-ਕਮ-ਨੋਡਲ ਅਫ਼ਸਰ ਸਵੀਪ ਰਜਿੰਦਰ ਕੌਰ ਆਪਣੀ ਸਵੀਪ ਟੀਮ ਸਮੇਤ ਲਗਾਤਾਰ ਫੀਲਡ ਵਿੱਚ ਰਹਿ ਕੇ ਇਸ ਮੁਹਿੰਮ ਦੀ ਨਿਗਰਾਨੀ ਕਰ ਰਹੇ ਹਨ। ਉਨ੍ਹਾਂ ਦੀ ਅਣਥੱਕ ਮਿਹਨਤ ਅਤੇ ਪ੍ਰੇਰਨਾ ਸਦਕਾ ਜ਼ਿਲ੍ਹੇ ਵਿੱਚ ਐਸ.ਆਈ.ਆਰ 2026 ਦਾ ਕੰਮ ਬਹੁਤ ਤੇਜ਼ੀ ਨਾਲ ਅੱਗੇ ਵਧਿਆ ਹੈ ਅਤੇ ਹੁਣ ਇਹ ਲੱਗਭਗ ਮੁਕੰਮਲ ਹੋਣ ਦੇ ਕਿਨਾਰੇ ਹੈ।ਕਰਵਾਈਆਂ ਗਈਆਂ ਗਤੀਵਿਧੀਆਂ ਤਹਿਤ ਵਿਦਿਆਰਥੀਆਂ ਨੇ ਸਕੂਲਾਂ ਦੇ ਮੈਦਾਨਾਂ ਵਿੱਚ ਕਤਾਰਬੱਧ ਹੋ ਕੇ ਹਿਊਮਨ ਚੇਨ ਬਣਾਈ ਅਤੇ ਆਪਣਾ ਨਾਮ ਚੈੱਕ ਕਰਵਾਓ, ਵੋਟਰ ਸੂਚੀ ਸਾਫ਼ ਰੱਖੋ ਦੇ ਨਾਅਰਿਆਂ ਰਾਹੀਂ ਆਮ ਲੋਕਾਂ ਨੂੰ ਵੋਟਰ ਸੁਧਾਈ ਲਈ ਪ੍ਰੇਰਿਤ ਕੀਤਾ। ਹੱਥਾਂ ਨਾਲ ਹੱਥ ਮਿਲਾ ਕੇ ਬਣਾਈ ਇਸ ਮਨੁੱਖੀ ਲੜੀ ਨੇ ਏਕਤਾ ਅਤੇ ਜਾਗਰੂਕਤਾ ਦਾ ਸ਼ਕਤੀਸ਼ਾਲੀ ਪ੍ਰਤੀਕ ਪੇਸ਼ ਕੀਤਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਜਿੰਦਰ ਕੌਰ ਨੇ ਕਿਹਾ, ਸਕੂਲੀ ਵਿਦਿਆਰਥੀਆਂ ਵੱਲੋਂ ਲਗਾਤਾਰ ਕਰਵਾਈਆਂ ਜਾ ਰਹੀਆਂ ਇਹ ਰਚਨਾਤਮਿਕ ਗਤੀਵਿਧੀਆਂ ਕਾਰਨ ਹੀ ਵੋਟਰ ਸੁਧਾਈ ਦੇ ਕੰਮਾਂ ਵਿੱਚ ਇੰਨੀ ਤੇਜ਼ੀ ਆਈ ਹੈ। ਅੱਜ ਜ਼ਿਲ੍ਹੇ ਦੇ ਜ਼ਿਆਦਾਤਰ ਪਿੰਡਾਂ ਵਿੱਚ ਕੰਮ ਸ਼ਤ ਪ੍ਰਤੀਸ਼ਤ ਵੱਲ ਵਧ ਰਿਹਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਜਦੋਂ ਤੱਕ ਜ਼ਿਲ੍ਹੇ ਵਿੱਚ ਵੋਟਰ ਸੁਧਾਈ ਦਾ ਕੰਮ ਸ਼ਤ ਪ੍ਰਤੀਸ਼ਤ ਨਹੀਂ ਹੋ ਜਾਂਦਾ, ਸਕੂਲਾਂ ਅਤੇ ਕਾਲਜਾਂ ਵਿੱਚ ਅਜਿਹੀਆਂ ਜਾਗਰੂਕਤਾ ਗਤੀਵਿਧੀਆਂ ਨਿਰੰਤਰ ਜਾਰੀ ਰਹਿਣਗੀਆਂ। ਸਿੱਖਿਆ ਵਿਭਾਗ ਦੀ ਇਸ ਪਹਿਲਕਦਮੀ ਦੀ ਪਿੰਡਾਂ ਵਿੱਚ ਭਰਪੂਰ ਸ਼ਲਾਘਾ ਹੋ ਰਹੀ ਹੈ ਅਤੇ ਲੋਕਾਂ ਨੇ ਵੀ ਵੱਡੀ ਗਿਣਤੀ ਵਿੱਚ ਇਸ ਮੁਹਿੰਮ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਹੈ।

# ਸਾਫ਼-ਸੁਥਰਾ ਅਤੇ ਸਿਹਤਮੰਦ ਵਾਤਾਵਰਣ ਬਣਾਉਣਾ ਹਰੇਕ ਨਾਗਰਿਕ ਦੀ ਸਾਂਝੀ ਜ਼ਿੰਮੇਵਾਰੀ : ਡੀ. ਸੀ




**ਤਰਨਤਾਰਨ, 31 ਜੁਲਾਈ**
**-ਸ਼ਹੀਦ-ਏ-ਆਜ਼ਮ-ਬਿਊਰੋ-**

ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਾਫ਼-ਸੁਥਰਾ ਅਤੇ ਸਿਹਤਮੰਦ ਵਾਤਾਵਰਣ ਬਣਾਉਣਾ ਹਰੇਕ ਨਾਗਰਿਕ ਦੀ ਸਾਂਝੀ ਉਜ਼ਿੰਮੇਵਾਰੀ ਹੈ। ਉਨ੍ਹਾਂ ਨੇ ਸਮੂਹ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਕੂੜੇ ਦੀ ਘਰ-ਘਰ ਪੱਧਰ ’ਤੇ ਛਾਂਟ ਨੂੰ ਅਪਣਾਉਣ, ਪਲਾਸਟਿਕ ਦੀ ਬੇਲੋੜੀ ਵਰਤੋਂ ਤੋਂ ਗੁਰੇਜ਼ ਕਰਨ, ਪਾਣੀ ਦੀ ਹਰ ਬੂੰਦ ਦੀ ਕਦਰ ਕਰਨ ਅਤੇ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਫ਼ਾਈ ਅਤੇ ਜਲ ਸੰਭਾਲ ਮੁਹਿੰਮਾਂ ਵਿੱਚ ਵੱਧ ਤੋਂ ਵੱਧ ਭਾਗੀਦਾਰੀ ਕਰਕੇ ਜ਼ਿਲ੍ਹਾ ਤਰਨ ਤਾਰਨ ਨੂੰ ਸਵੱਛ, ਹਰਿਆ-ਭਰਿਆ ਅਤੇ ਵਾਤਾਵਰਣ ਪੱਖੋਂ ਸੁਰੱਖਿਅਤ ਜ਼ਿਲ੍ਹਾ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਤਰਨ ਤਾਰਨ ਦੇ ਸਮੂਹ ਪਿੰਡਾਂ ਵਿੱਚ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਤਹਿਤ ਠੋਸ ਕੂੜਾ ਪ੍ਰਬੰਧਨ, ਪਲਾਸਟਿਕ ਕੂੜਾ ਪ੍ਰਬੰਧਨ ਅਤੇ ਜਲ ਸ਼ਕਤੀ ਅਭਿਆਨ - ਕੈਚ ਦ ਰੇਨ ਅਧੀਨ ਵਿਸ਼ੇਸ਼ ਜਾਗਰੂਕਤਾ ਮੁਹਿੰਮ ਲਾਈਨ ਵਿਭਾਗਾਂ ਦੇ ਸਹਿਯੋਗ ਨਾਲ ਸਫਲਤਾਪੂਰਵਕ ਚਲਾਈ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਦੌਰਾਨ ਪਿੰਡਾਂ ਦੇ ਸਰਪੰਚਾਂ, ਗ੍ਰਾਮ ਪੰਚਾਇਤ ਮੈਂਬਰਾਂ, ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀਆਂ, ਸਵੈ-ਸਹਾਇਤਾ ਸਮੂਹਾਂ, ਸਕੂਲੀ ਵਿਦਿਆਰਥੀਆਂ ਅਤੇ ਆਮ ਪਿੰਡ ਵਾਸੀਆਂ ਨੂੰ ਸਫ਼ਾਈ, ਵਾਤਾਵਰਣ ਸੁਰੱਖਿਆ ਅਤੇ ਜਲ ਸੰਭਾਲ ਪ੍ਰਤੀ ਜਾਗਰੂਕ ਕੀਤਾ ਜਾ ਰਿਹਾ ਹੈ। ਵੱਖ-ਵੱਖ ਵਿਭਾਗਾਂ ਦੇ ਸਹਿਯੋਗ ਨਾਲ ਸੈਮੀਨਾਰਾਂ, ਜਾਗਰੂਕਤਾ ਕੈਂਪਾਂ, ਰੈਲੀਆਂ ਅਤੇ ਜਨ ਸੰਵਾਦ ਪ੍ਰੋਗਰਾਮਾਂ ਦਾ ਆਯੋਜਨ ਕਰਕੇ ਲੋਕਾਂ ਨੂੰ ਘਰੇਲੂ ਅਤੇ ਸਮੁਦਾਇਕ ਪੱਧਰ ’ਤੇ ਗਿੱਲੇ ਕੂੜੇ, ਸੁੱਕੇ ਕੂੜੇ, ਸੈਨੇਟਰੀ ਕੂੜੇ ਅਤੇ ਵਿਸ਼ੇਸ਼ ਕੂੜੇ ਨੂੰ ਵੱਖ-ਵੱਖ ਇਕੱਠਾ ਕਰਨ ਅਤੇ ਵਿਗਿਆਨਕ ਢੰਗ ਨਾਲ ਨਿਪਟਾਰੇ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ।

ਇਸ ਤੋਂ ਇਲਾਵਾ, ਸਿੰਗਲ-ਯੂਜ਼ ਪਲਾਸਟਿਕ ਦੀ ਵਰਤੋਂ ਨੂੰ ਘਟਾਉਣ, ਪਲਾਸਟਿਕ ਕੂੜੇ ਦਾ ਸਹੀ ਪ੍ਰਬੰਧਨ ਕਰਨ, ਪਿੰਡਾਂ ਨੂੰ ਸਾਫ਼-ਸੁਥਰਾ ਅਤੇ ਪ੍ਰਦੂਸ਼ਣ-ਮੁਕਤ ਬਣਾਉਣ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ। ਪਿੰਡ ਵਾਸੀਆਂ ਨੂੰ ਨਿੱਜੀ ਸਫ਼ਾਈ ਅਪਣਾਉਣ, ਆਪਣੇ ਘਰਾਂ ਅਤੇ ਆਲੇ-ਦੁਆਲੇ ਦੀ ਸਫ਼ਾਈ ਬਣਾਈ ਰੱਖਣ, ਪਾਣੀ ਦੀ ਫ਼ਜ਼ੂਲ ਖਪਤ ਨੂੰ ਰੋਕਣ ਅਤੇ ਕੁਦਰਤੀ ਸਰੋਤਾਂ ਦੀ ਸੰਭਾਲ ਕਰਨ ਲਈ ਵੀ ਪ੍ਰੇਰਿਤ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਜਲ ਸ਼ਕਤੀ ਅਭਿਆਨ - ਕੈਚ ਦ ਰੇਨ ਤਹਿਤ ਲੋਕਾਂ ਨੂੰ ਮੀਂਹ ਦੇ ਪਾਣੀ ਦੀ ਸੰਭਾਲ, ਵਰਖਾ ਜਲ ਸਟੋਰੇਜ ਪ੍ਰਣਾਲੀਆਂ ਅਪਣਾਉਣ, ਭੂ-ਜਲ ਰੀਚਾਰਜ ਨੂੰ ਉਤਸ਼ਾਹਿਤ ਕਰਨ ਅਤੇ ਪਾਣੀ ਦੀ ਸੁਚੱਜੀ ਅਤੇ ਜ਼ਿੰਮੇਵਾਰ ਵਰਤੋਂ ਕਰਨ ਦਾ ਸੰਦੇਸ਼ ਦਿੱਤਾ ਜਾ ਰਿਹਾ ਹੈ, ਤਾਂ ਜੋ ਭਵਿੱਖੀ ਪੀੜ੍ਹੀਆਂ ਲਈ ਜਲ ਸਰੋਤਾਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ।

# ਪੇਪਰ ਲੀਕ ਨਾਲ ਖਿਲਵਾੜ ਹੋਇਆ ਲੱਖਾਂ ਵਿਦਿਆਰਥੀਆਂ ਦਾ ਭਵਿੱਖ : ਚੇਤਨ ਚੁਰਾਇਆ

**ਮਾਛੀਵਾੜਾ ਸਾਹਿਬ, 31 ਜੁਲਾਈ**
**-ਸ਼ਹੀਦ-ਏ-ਆਜ਼ਮ-ਬਿਊਰੋ-**

ਨੀਟ ਪੇਪਰ ਲੀਕ ਖਿਲਾਫ਼ ਦੇਸ਼ ਭਰ ਦੇ ਵਿਦਿਆਰਥੀਆਂ ਵੱਲੋਂ ਪਿਛਲੇ ਕਈ ਦਿਨਾਂ ਤੋਂ ਚੱਲ ਰਹੇ ਸੰਘਰਸ਼ ਤੋਂ ਬਾਅਦ ਕੇਂਦਰ ਸਰਕਾਰ ਨੂੰ ਝੁਕਣਾ ਪਿਆ ਹੈ। ਦਿੱਲੀ ਦੇ ਜੰਤਰ-ਮੰਤਰ ’ਤੇ ਸੀਜੇਪੀ ਸਮੇਤ ਕਈ ਵਿਦਿਆਰਥੀ ਜਥੇਬੰਦੀਆਂ ਵੱਲੋਂ ਕੀਤੇ ਜਾ ਰਹੇ ਵਿਸ਼ਾਲ ਪ੍ਰਦਰਸ਼ਨਾਂ ਦੇ ਬਾਅਦ ਕੇਂਦਰ ਨੇ ਸਖ਼ਤ ਕਾਨੂੰਨ ਬਣਾਉਣ ਅਤੇ ਦੋਸ਼ੀਆਂ ਖਿਲਾਫ ਜਾਂਚ ਦਾ ਐਲਾਨ ਕੀਤਾ ਹੈ ।ਪੂਰੇ ਦੇਸ਼ ਵਿੱਚੋਂ ਵੱਡੀ ਗਿਣਤੀ ’ਚ ਨੀਟ ਦੇ ਉਮੀਦਵਾਰ ਦਿੱਲੀ ਦੇ ਜੰਤਰ-ਮੰਤਰ ’ਤੇ ਇਕੱਠੇ ਹੋਏ। ਪ੍ਰਦਰਸ਼ਨਕਾਰੀ ਵਿਦਿਆਰਥੀ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫੇ ਅਤੇ ਨੀਟ ਦੀ ਸੀਬੀਆਈ ਜਾਂਚ ਦੀ ਮੰਗ ਕਰ ਰਹੇ ਸਨ। ਪ੍ਰਦਰਸ਼ਨ ਦੌਰਾਨ ਵਿਦਿਆਰਥੀਆਂ ਨੇ ਲੋਕ ਸਭਾ ਦਾ ਘਿਰਾਓ ਕਰਨ ਦਾ ਐਲਾਨ ਵੀ ਕੀਤਾ ਸੀ। ਦੋਸ਼ ਹੈ ਕਿ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਕੁਝ ਵਿਦਿਆਰਥੀਆਂ ਨਾਲ ਪੁਲਿਸ ਵੱਲੋਂ ਧੱਕਾ-ਮੁੱਕੀ ਵੀ ਕੀਤੀ ਗਈ। ਪਰ ਵਿਦਿਆਰਥੀ ਆਪਣੀਆਂ ਮੰਗਾਂ ਤੋਂ ਪਿੱਛੇ ਨਹੀਂ ਹਟੇ।ਇਸ ਤੋਂ ਬਾਅਦ ਕੇਂਦਰੀ ਮੰਤਰੀਆਂ ਨਾਲ ਬੀਜੇਪੀ ਦੇ ਸੀਨੀਅਰ ਆਗੂਆਂ ਦੀ ਮੀਟਿੰਗ ਹੋਈ, ਜਿਸ ’ਚ ਵਿਦਿਆਰਥੀਆਂ ਦਾ ਮੰਗ ਪੱਤਰ ਸੌਂਪਿਆ ਗਿਆ। ਇਸੇ ਤਹਿਤ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੂੰ ਆਪਣਾ ਅਸਤੀਫਾ ਦੇਣਾ ਪਿਆ।ਮਾਛੀਵਾੜਾ ਸਾਹਿਬ ਤੋਂ ਸਾਬਕਾ ਕੌਂਸਲਰ ਮਨਜੀਤ ਕੁਮਾਰੀ ਅਤੇ ਯੂਥ ਕਾਂਗਰਸੀ ਆਗੂ ਚੇਤਨ ਚੁਰਾਇਆ ਨੇ ਵਿਦਿਆਰਥੀਆਂ ਦੇ ਸੰਘਰਸ਼ ਨੂੰ ਸਲਾਮ ਕਰਦਿਆਂ ਕਿਹਾ ਕਿ ਇਹ ਦੇਸ਼ ਦੇ ਨੌਜਵਾਨਾਂ ਦੀ ਜਿੱਤ ਹੈ। ਭਾਜਪਾ ਸਰਕਾਰ ਦੀ ਤਾਨਾਸ਼ਾਹੀ ਨੌਜਵਾਨਾਂ ਦੇ ਰੋਸ ਅੱਗੇ ਟਿਕ ਨਹੀਂ ਸਕੀ। ਉਨ੍ਹਾਂ ਕਿਹਾ ਕਿ ਇਹ ਨੌਜਵਾਨ ਦੇਸ਼ ਦਾ ਭਵਿੱਖ ਹਨ। ਜੇਕਰ ਅੱਜ ਅਸੀਂ ਇਨ੍ਹਾਂ ਦਾ ਸਾਥ ਨਹੀਂ ਦੇਵਾਂਗੇ ਤਾਂ ਸਾਡਾ ਦੇਸ਼ ਤਰੱਕੀ ਕਿਵੇਂ ਕਰੇਗਾ। ਆਉਣ ਵਾਲੇ ਸਮੇਂ ’ਚ ਇਨ੍ਹਾਂ ਨੌਜਵਾਨਾਂ ਨੇ ਹੀ ਦੇਸ਼ ਨੂੰ ਅੱਗੇ ਲੈ ਕੇ ਜਾਣਾ ਹੈ। ਚੇਤਨ ਚੁਰਾਇਆ ਨੇ ਕਿਹਾ ਕਿ ਸਾਰੀਆਂ ਜਥੇਬੰਦੀਆਂ ਵੱਲੋਂ ਵਿਦਿਆਰਥੀਆਂ ਦਾ ਸਾਥ ਦੇਣਾ ਬਹੁਤ ਹੀ ਸ਼ਲਾਘਾਯੋਗ ਹੈ।

ਉਨ੍ਹਾਂ ਮੰਗ ਕੀਤੀ ਕਿ ਪੇਪਰ ਲੀਕ ਕਾਰਨ ਮਾਨਸਿਕ ਤੌਰ ’ਤੇ ਪ੍ਰੇਸ਼ਾਨ ਹੋਏ ਵਿਦਿਆਰਥੀਆਂ ਨੂੰ ਮੁਆਵਜ਼ਾ ਦਿੱਤਾ ਜਾਵੇ ਅਤੇ ਭਵਿੱਖ ’ਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਪੁਖਤਾ ਪ੍ਰਬੰਧ ਕੀਤੇ ਜਾਣ।

# ਝਾੜ ਸਾਹਿਬ ਕਾਲਜ ਵਿਖੇ ਕੈਲੀਗ੍ਰਾਫੀ ਵਰਕਸ਼ਾਪ ਦਾ ਆਯੋਜਨ



**ਮਾਛੀਵਾੜਾ ਸਾਹਿਬ, 31 ਜੁਲਾਈ**
**-ਸ਼ਹੀਦ-ਏ-ਆਜ਼ਮ-ਬਿਊਰੋ-**

ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੀ ਇਲਾਕੇ ਦੀ ਨਾਮਵਰ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਝਾੜ ਸਾਹਿਬ ਦੇ ਪ੍ਰਿੰਸੀਪਲ ਡਾ.ਰਜਿੰਦਰ ਕੌਰ ਦੇ ਦਿਸ਼ਾ ਨਿਰਦੇਸ਼ ਅਤੇ ਆਈ.ਕਿਉ.ਏ.ਸੀ ਦੇ ਸਹਿਯੋਗ ਨਾਲ ਕਾਲਜ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ.ਮਹੀਪਿੰਦਰ ਕੌਰ, ਮੈਡਮ ਜਸਵੀਰ ਕੌਰ ਅਤੇ ਅੰਗ੍ਰੇਜ਼ੀ ਵਿਭਾਗ ਦੇ ਮੁਖੀ ਮਿਸ ਸਹਿਨਾਜ, ਮੈਡਮ ਨਵਨੀਤ ਕੌਰ ਦੀ ਯੋਗ ਅਗਵਾਈ ਹੇਠ ਰਚਨਾਤਮਕਤਾ ਭਾਸ਼ਾਈ ਸੋਧ ਅਤੇ ਸੁੰਦਰ ਲਿਖਾਈ ਦੀ ਕਲਾ ਨੂੰ ਪ੍ਰਫੁੱਲਤ ਕਰਨ ਦੇ ਉਦੇਸ਼ ਨਾਲ ਕਾਲਜ ਵਿਖੇ ਕੈਲੀਗ੍ਰਾਫੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਵਰਕਸ਼ਾਪ ਵਿੱਚ 73 ਵਿਦਿਆਰਥਣਾਂ ਨੇ ਉਤਸ਼ਾਹ ਪੂਰਵਕ ਹਿੱਸਾ ਲਿਆ।

ਵਰਕਸ਼ਾਪ ਦੌਰਾਨ ਵਿਦਿਆਰਥਣਾਂ ਨੂੰ ਪੰਜਾਬੀ ਅਤੇ ਅੰਗ੍ਰੇਜ਼ੀ ਕੈਲੀਗ੍ਰਾਫੀ ਦੀਆਂ ਵੱਖ-ਵੱਖ ਸ਼ੈਲੀਆਂ,ਅੱਖਰਾਂ ਦੀ ਬਣਤਰ, ਸੁੰਦਰ ਲਿਖਾਈ ਦੇ ਸਿਧਾਤਾਂ ਅਤੇ ਕਲਾਤਮਕ ਪ੍ਰਸਤੁਤੀ ਦੀਆਂ ਤਕਨੀਕਾਂ ਬਾਰੇ ਮਿਸ ਸ਼ਹਿਨਾਜ ਅਤੇ ਮਿਸ ਸੰਦੀਪ ਕੌਰ ਵੱਲੋਂ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਦੇ ਨਾਲ ਹੀ ਵਿਦਿਆਰਥਣਾਂ ਨੂੰ ਪ੍ਰਯੋਗਾਤਮਕ ਅਭਿਆਸ ਰਾਹੀਂ ਆਪਣੇ ਹੁਨਰ ਨੂੰ ਨਿਖਾਰਨ ਦਾ ਮੌਕਾ ਵੀ ਪ੍ਰਦਾਨ ਕੀਤਾ ਗਿਆ। ਵਿਦਿਆਰਥਣਾਂ ਨੇ ਆਪਣੀ ਰੁਚੀ ਦਿਖਾਉਂਦੇ ਹੋਏ ਕਲਾਤਮਕ ਸੋਚ ਅਤੇ ਸੁੰਦਰ ਲਿਖਾਈ ਦਾ ਪ੍ਰਭਾਵਸ਼ਾਲੀ ਪ੍ਰਦਰਸ਼ਨ ਕਰਦਿਆਂ ਵਰਕਸ਼ਾਪ ਨੂੰ ਸਫਲ ਬਣਾਇਆ। ਇਸ ਮੌਕੇ ਕਾਲਜ ਪ੍ਰਿੰਸੀਪਲ ਨੇ ਪੰਜਾਬੀ ਅਤੇ ਅੰਗ੍ਰੇਜ਼ੀ ਵਿਭਾਗ ਦੇ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਵਿਦਿਆਰਥਣਾਂ ਨੂੰ ਅਜਿਹੀਆਂ ਸਹਿ-ਵਿਦਿਅਕ ਗਤੀਵਿਧੀਆ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਉਹਨਾਂ ਕਿਹਾ ਕਿ ਅਜਿਹੀਆਂ ਵਰਕਸ਼ਾਪਾਂ ਵਿਦਿਆਰਥਣਾਂ ਦੇ ਵਿਅਕਤੀਤਵ ਵਿਕਾਸ, ਕਲਾਤਮਕ ਰੁਚੀ ਨੂੰ ਹੋਰ ਮਜ਼ਬੂਤ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਵਿਦਿਆਰਥਣਾਂ ਵੱਲੋਂ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਸਿਰਜਣਾਤਮਕ ਗਤੀਵਿਧੀਆਂ ਵਿੱਚ ਭਾਗ ਲੈਣ ਦਾ ਸੰਕਲਪ ਲਿਆ ਗਿਆ। ਕਾਲਜ ਵਿਖੇ 10+1,10+2 (ਮੈਡੀਕਲ, ਨਾਨ-ਮੈਡੀਕਲ, ਕਾਮਰਸ, ਆਰਟਸ),. ਪੀ.ਜੀ.ਡੀ(ਐਫ.ਡੀ), ਐਮ.ਏ (ਪੰਜਾਬੀ), ਐਮ.ਐਸ.ਸੀ (ਆਈ.ਟੀ) ਕੋਰਸ ਸਮੇਤ ਹੋਰ ਵੀ ਕੋਰਸ ਸਫਲਤਾ ਪੂਰਵਕ ਚੱਲ ਰਹੇ ਹਨ। ਇਸ ਵਰ੍ਹੇ ਤੋਂ ਕਾਲਜ ਵਿਖੇ ਨੈਨੀ, ਕੇਅਰ ਗਿਵਰ, ਏ.ਆਈ ਅਤੇ ਡਾਟਾ ਸਾਇੰਸ, ਸਰਟੀਫਿਕੇਟ ਇੰਨ ਬੇਸਿਕ ਕੰਪਿਊਟਰ ਐਜੂਕੇਸ਼ਨ, ਅਕਾਊਂਟਿੰਗ ਅਤੇ ਟੈਕਸੇਸ਼ਨ ਵਰਗੇ ਡਿਪਲੋਮਾਂ ਕੋਰਸ ਵੀ ਸ਼ੁਰੂ ਕੀਤੇ ਗਏ ਹਨ। ਇਹਨਾਂ ਦਾ ਦਾਖਲਾ ਸ਼ੁਰੂ ਹੈ ਇਸ ਲਈ ਇਲਾਕੇ ਦੀਆਂ ਵਿਦਿਆਰਥਣਾਂ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਕਾਲਜ ਵਿੱਚ ਦਾਖਲਾ ਲੈ ਸਕਦੀਆਂ ਹਨ। ਕਾਲਜ ਦੀ ਲੋਕਲ ਮੈਨੇਜਮੈਂਟ ਕਮੇਟੀ ਵੱਲੋਂ ਇਸ ਗਤੀਵਿਧੀ ਦੀ ਸ਼ਲਾਘਾ ਕੀਤੀ ਗਈ।

# ਸਾਬਕਾ ਚੇਅਰਮੈਨ ਮਿੱਠੇਵਾਲ ਦੀ ਯਾਦ ’ਚ ਲੱਗੇ ਖ਼ੂਨਦਾਨ ਕੈਂਪ ਦੌਰਾਨ 57 ਨੇ ਕੀਤਾ ਖ਼ੂਨਦਾਨ

**ਮਾਛੀਵਾੜਾ ਸਾਹਿਬ, 31 ਜੁਲਾਈ**
**-ਸ਼ਹੀਦ-ਏ-ਆਜ਼ਮ-ਬਿਊਰੋ-**



ਮਰਹੂਮ ਸਾਬਕਾ ਚੇਅਰਮੈਨ ਗੁਰਚਰਨ ਸਿੰਘ ਮਿੱਠੇਵਾਲ ਦੀ ਨਿੱਘੀ ਯਾਦ ਵਿਚ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਮਾਛੀਵਾੜਾ ਸਾਹਿਬ ਸੋਸ਼ਲ ਵੈਲਫੇਅਰ ਸੁਸਾਇਟੀ ਐਨਜੀਓ ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਇਲਾਕੇ ਦੇ ਲੋਕਾਂ ਨੇ ਉਤਸ਼ਾਹ ਨਾਲ ਭਾਗ ਲਿਆ। ਕੈਂਪ ਦੌਰਾਨ 57 ਖ਼ੂਨਦਾਨੀਆਂ ਨੇ ਆਪਣੇ ਖ਼ੂਨ ਦਾ ਦਾਨ ਕਰਕੇ ਲੋੜਵੰਦ ਮਰੀਜ਼ਾਂ ਲਈ ਜੀਵਨਦਾਇਕ ਯੋਗਦਾਨ ਪਾਇਆ।

ਸੰਸਥਾ ਦੇ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਨੇ ਦੱਸਿਆ ਕਿ ਖ਼ੂਨਦਾਨ ਮਹਾਨ ਦਾਨ ਹੈ ਅਤੇ ਇੱਕ ਯੂਨਿਟ ਖ਼ੂਨ ਚਾਰ ਕੀਮਤੀ ਜ਼ਿੰਦਗੀਆਂ ਬਚਾਉਣ ’ਚ ਸਹਾਈ ਸਾਬਤ ਹੁੰਦਾ ਹੈ।

ਉਨ੍ਹਾਂ ਨੇ ਖ਼ੂਨਦਾਨੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਨੌਜਵਾਨਾਂ ਨੂੰ ਨਿਯਮਿਤ ਤੌਰ ’ਤੇ ਖ਼ੂਨਦਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ, ਤਾਂ ਜੋ ਐਮਰਜੈਂਸੀ ਹਾਲਾਤਾਂ ’ਚ ਖ਼ੂਨ ਦੀ ਕਮੀ ਨਾ ਆਵੇ।

ਕੈਂਪ ’ਚ ਨੰਬਰਦਾਰ ਦਰਸ਼ਨ ਸਿੰਘ ਮਿੱਠੇਵਾਲ, ਸਾਬਕਾ ਪ੍ਰਧਾਨ ਹਰਜਿੰਦਰ ਸਿੰਘ ਖੇੜਾ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹਰਜੋਤ ਸਿੰਘ ਮਾਂਗਟ, ਸਰਬਜੀਤ ਸਿੰਘ, ਸਾਬਕਾ ਪ੍ਰਧਾਨ ਦਲਜੀਤ ਸਿੰਘ ਗਿੱਲ, ਦਵਿੰਦਰ ਸਿੰਘ ਬਵੇਜਾ, ਸੁਖਦੇਵ ਸਿੰਘ ਰਾਜੂ, ਅਰਵਿੰਦਰਪਾਲ ਸਿੰਘ ਵਿੱਕੀ, ਜਸਪਾਲ ਸਿੰਘ, ਐਡਵੋਕੇਟ ਗੁਰਜੀਤ ਸਿੰਘ ਮਿੱਠੇਵਾਲ, ਵਰਿੰਦਰਪਾਲ ਸਿੰਘ ਮਿੱਠੇਵਾਲ, ਵਿਨੀਤ ਕੁਮਾਰ ਝੜੌਦੀ, ਦਲਵੀਰ ਸਿੰਘ ਕੰਗ, ਕਾਬਲ ਸਿੰਘ ਛੌੜੀਆਂ, ਨਗਿੰਦਰ ਸਿੰਘ ਖੇੜਾ, ਪਰਮਜੀਤ ਕੌਰ ਸਰਪੰਚ, ਪ੍ਰਕਾਸ਼ ਕੌਰ, ਲਖਵੀਰ ਲੱਖੀ, ਪਰਮਜੀਤ ਸਿੰਘ ਗਰੇਵਾਲ, ਰਜਿੰਦਰ ਸਿੰਘ ਸਰਪੰਚ ਆਦਿ ਨੇ ਸ਼ਿਰਕਤ ਕੀਤੀ।

# ਵਧੀਕ ਡਿਪਟੀ ਕਮਿਸ਼ਨਰ ਨੇ ਸਮਾਗਮ ਸਬੰਧੀ ਅਧਿਕਾਰੀਆਂ ਨਾਲ ਕੀਤੀ ਮੀਟਿੰਗ



**ਤਰਨਤਾਰਨ, 31 ਜੁਲਾਈ**
**-ਸ਼ਹੀਦ-ਏ-ਆਜ਼ਮ-ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਆਦਿੱਤਿਆ ਸ਼ਰਮਾ ਵੱਲੋਂ 15 ਅਗਸਤ ਨੂੰ ਮਨਾਏ ਜਾ ਰਹੇ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਸਮਾਗਮ ਲਈ ਕੀਤੇ ਜਾਣ ਵਾਲੇ ਪ੍ਰਬੰਧਾਂ ਸਬੰਧੀ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤਰਨ ਤਾਰਨ ਵਿਖੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਵਿਸ਼ੇਸ ਮੀਟਿੰਗ ਕੀਤੀ ਗਈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੱਧਰ ਦਾ ਆਜ਼ਾਦੀ ਦਿਵਸ ਸਮਾਰੋਹ ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਦੀ ਅਗਵਾਈ ਹੇਠ ਪੂਰੇ ਉਤਸ਼ਾਹ ਅਤੇ ਸ਼ਾਨੋ-ਸ਼ੌਕਤ ਨਾਲ ਪੁਲਿਸ ਲਾਈਨ ਗਰਾਊਂਡ ਤਰਨ ਤਾਰਨ ਵਿਖੇ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸਮੂਹ ਅਧਿਕਾਰੀ ਤੇ ਕਰਮਚਾਰੀ ਰਾਸ਼ਟਰੀ ਮਹੱਤਤਾ ਵਾਲੇ ਇਸ ਸਮਾਗਮ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਪੂਰੀ ਤਨਦੇਹੀ ਅਤੇ ਸਮਰਪਣ ਭਾਵਨਾ ਨਾਲ ਡਿਊਟੀ ਨਿਭਾਉਣ।ਉਨ੍ਹਾਂ ਦੱਸਿਆ ਕਿ 15 ਅਗਸਤ ਨੂੰ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਸਮਾਰੋਹ ਮੌਕੇ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਨਾਲ ਲਬਰੇਜ਼ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਪੰਜਾਬ ਪੁਲਿਸ, ਮਹਿਲਾ ਪੁਲਿਸ, ਪੰਜਾਬ ਹੋਮ ਗਾਰਡਜ਼, ਐੱਨ.ਸੀ.ਸੀ. ਕੈਡਿਟਸ ਅਤੇ ਸਕਾਉਟਸ ਤੇ ਗਰਲ ਗਾਈਡਜ਼ ਵੱਲੋਂ ਮਾਰਚ ਪਾਸਟ ਦਾ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ ਸਕੂਲੀ ਬੱਚਿਆਂ ਦਾ ਪੀ. ਟੀ. ਸ਼ੋਅ ਵੀ ਹੋਵੇਗਾ।

ਉਨ੍ਹਾਂ ਦੱਸਿਆ ਕਿ ਆਜ਼ਾਦੀ ਦਿਹਾੜੇ ਦੇ ਮੌਕੇ ਕਰਵਾਏ ਜਾ ਰਹੇ ਜ਼ਿਲ੍ਹਾ ਪੱਧਰੀ ਸਮਾਗਮ ਲਈ ਰਿਹਰਸਲਾਂ 10, 11 ਅਤੇ 12 ਅਗਸਤ ਨੂੰ ਪੁਲਿਸ ਲਾਈਨ ਗਰਾਊਂਡ ਤਰਨ ਤਾਰਨ ਵਿਖੇ ਹੋਣਗੀਆਂ ਅਤੇ ਸਮਾਗਮ ਸਬੰਧੀ ਫੁੱਲ ਡਰੈੱਸ ਰਿਹਰਸਲ 13 ਅਗਸਤ ਨੂੰ ਕਰਵਾਈ ਜਾਵੇਗੀ।

ਉਨ੍ਹਾਂ ਸਬੰਧਿਤ ਅਧਿਕਾਰੀਆਂ ਨੂੰ ਕਿਹਾ ਕਿ ਗਰਾਊਂਡ ਦੀ ਸਾਫ਼-ਸਫ਼ਾਈ, ਸਜਾਵਟ, ਬੈਠਣ ਦੇ ਪ੍ਰਬੰਧ, ਪੀਣ ਵਾਲਾ ਪਾਣੀ, ਨਿਰਵਿਘਨ ਬਿਜਲੀ ਸਪਲਾਈ, ਫਾਇਰ ਬ੍ਰਿਗੇਡ, ਆਰਜ਼ੀ ਪਖਾਨਿਆਂ ਆਦਿ ਸਮੇਤ ਸਮੁੱਚੇ ਇੰਤਜ਼ਾਮ ਸਮੇਂ ਸਿਰ ਮੁਕੰਮਲ ਹੋਣੇ ਚਾਹੀਦੇ ਹਨ, ਜਿਸ ਦੇ ਲਈ ਸੀਨੀਅਰ ਅਧਿਕਾਰੀ ਖੁਦ ਇੰਤਜ਼ਾਮਾਂ ਦੀ ਨਿਗਰਾਨੀ ਯਕੀਨੀ ਬਣਾਉਣ। ਉਨ੍ਹਾਂ ਇਸ ਮੌਕੇ ਸਿਹਤ ਵਿਭਾਗ ਨੂੰ ਸਮਾਗਮ ਵਾਲੇ ਦਿਨ ਅਤੇ ਰਿਹਰਸਲਾਂ ਦੌਰਾਨ ਮੈਡੀਕਲ ਟੀਮਾਂ ਤਾਇਨਾਤ ਕਰਨ ਦੇ ਨਿਰਦੇਸ਼ ਵੀ ਦਿੱਤੇ। ਮੀਟਿੰਗ ਦੌਰਾਨ ਬੱਚਿਆਂ ਲਈ ਰਿਫ੍ਰੈਸ਼ਮੈਂਟ ਦੇ ਪ੍ਰਬੰਧਾਂ ਸਬੰਧੀ ਵੀ ਸਬੰਧਿਤ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਗਏ।

ਇਸ ਦੌਰਾਨ ਉਨ੍ਹਾਂ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਪੁਲਿਸ ਲਾਈਨ ਦੇ ਨਾਲ-ਨਾਲ ਸਾਰੇ ਸ਼ਹਿਰ ਦੀ ਸਫ਼ਾਈ ਕਰਵਾਉਣ ਤੇ ਸਵਾਗਤੀ ਗੇਟ ਬਣਾਏ ਜਾਣ। ਉਨ੍ਹਾਂ ਪੁਲਿਸ ਵਿਭਾਗ ਨੂੰ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕਰਨ ਸਬੰਧੀ ਹਦਾਇਤਾਂ ਦਿੱਤੀਆਂ ਅਤੇ ਸਮਾਗਮ ਤੋਂ ਪਹਿਲਾਂ ਤੇ ਬਾਅਦ ਵਿੱਚ ਟ੍ਰੈਫਿਕ ਵਿਵਸਥਾ ਨੂੰ ਸੁਚਾਰੂ ਰੱਖਣ ਲਈ ਢੁਕਵੇਂ ਬੰਦੋਬਸਤ ਕਰਨ ਲਈ ਕਿਹਾ ਤਾਂ ਜੋ ਲੋਕਾਂ ਨੂੰ ਕੋਈ ਅਸੁਵਿਧਾ ਨਾ ਹੋਵੇ।

ਉਨ੍ਹਾਂ ਦੱਸਿਆ ਕਿ ਇਸ ਮੌਕੇ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਵਾਰਸਾਂ, ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ ਵਿੱਚ ਅਹਿਮ ਪ੍ਰਾਪਤੀਆਂ ਕਰਨ ਵਾਲੇ ਵਿਅਕਤੀਆਂ ਤੋਂ ਇਲਾਵਾ ਵਿੱਦਿਆ ਅਤੇ ਖੇਡਾਂ ਦੇ ਖੇਤਰ ਵਿੱਚ ਨਾਮਣਾ ਖੱਟਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ ਤੌਰ ‘ਤੇ ਸਨਮਾਨਿਤ ਕੀਤਾ ਜਾਵੇਗਾ।ਇਸ ਮੌਕੇ ਐਸ.ਡੀ.ਐਮ ਤਰਨ ਤਾਰਨ ਡਾ. ਕਰਨਵੀਰ ਸਿੰਘ, ਡੀ.ਐਸ.ਪੀ ਜਸਪਾਲ ਸਿੰਘ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਦੇਵਿੰਦਰ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਰਾਜੀਵ ਕੁਮਾਰ ਛਾਬੜਾ, ਡੀ.ਐੱਫ.ਐੱਸ.ਸੀ ਹਰਵੀਨ ਕੌਰ ਅਤੇ ਜ਼ਿਲ੍ਹਾ ਖੇਡ ਅਫ਼ਸਰ ਸਤਵੰਤ ਕੌਰ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।



# ਹਰਿਆਣਾ ਖ਼ਬਰਨਾਮਾ



# ਪ੍ਰਧਾਨ ਮੰਤਰੀ ਨਰਿੰਦਰ ਮੋਦੀ 2 ਅਗਸਤ ਨੂੰ ਕਰਨਗੇ 'ਨਸ਼ਾ ਮੁਕਤ ਯੁਵਾ ਫ਼ੋਰ ਵਿਕਸਿਤ ਭਾਰਤ- ਸੰਕਲਪ ਮੁਹਿੰਮ ਦੀ ਸ਼ੁਰੂਆਤ

**➢ ਹਰਿਆਣਾ ਵਿੱਚ 100 ਹਫ਼ਤਿਆਂ ਤੱਕ ਨਸ਼ਿਆਂ ਖ਼ਿਲਾਫ਼ ਚੱਲੇਗਾ ਜਨ-ਅੰਦੋਲਨ ➢ ਕੁਰੂਕਸ਼ੇਤਰ ਵਿੱਚ ਹੋਵੇਗਾ ਰਾਜ ਪੱਧਰੀ ਮੁੱਖ ਪ੍ਰੋਗਰਾਮ, ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼ ਹੋਣਗੇ ਮੁੱਖ ਮਹਿਮਾਨ ➢ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਵਿੱਚ ਹੋਵੇਗੀ ਨੌਜਵਾਨਾਂ ਦੀ ਵੱਧ ਤੋਂ ਵੱਧ ਭਾਗੀਦਾਰੀ**

**ਚੰਡੀਗੜ੍ਹ 31 ਜੁਲਾਈ**
**-ਛਤਰਪਾਲ ਸਿੰਘ-**

ਨੌਜਵਾਨਾਂ ਨੂੰ ਨਸ਼ੇ ਦੀ ਪ੍ਰਵਿਰਤੀ ਤੋਂ ਦੂਰ ਰੱਖਦਿਆਂ ਉਨ੍ਹਾਂ ਨੂੰ ਰਾਸ਼ਟਰ ਨਿਰਮਾਣ ਦੀ ਮੁੱਖ ਧਾਰਾ ਨਾਲ ਜੋੜਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਪਹਿਲ ਤਹਿਤ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ 2 ਅਗਸਤ, 2026 ਨੂੰ 'ਨਸ਼ਾ ਮੁਕਤ ਯੁਵਾ ਫ਼ੋਰ ਵਿਕਸਿਤ ਭਾਰਤ - ਸੰਕਲਪ ਮੁਹਿੰਮ ਦੀ ਰਾਸ਼ਟਰੀ ਪੱਧਰ 'ਤੇ ਆਗਾਜ਼ ਕਰਨਗੇ। ਇਸ ਮੌਕੇ ਹਰਿਆਣਾ ਦੇ ਲੱਖਾਂ ਨੌਜਵਾਨ ਇਸ ਮੁਹਿੰਮ ਨਾਲ ਵਰਚੁਅਲ ਤੌਰ 'ਤੇ ਜੁੜ ਕੇ ਨਸ਼ਾਮੁਕਤ ਸਮਾਜ ਦੀ ਸਿਰਜਣਾ ਦਾ ਪ੍ਰਣ ਲੈਣਗੇ ਅਤੇ ਇਸ ਨੂੰ ਸੂਬਾ ਵਿਆਪੀ ਜਨ-ਅੰਦੋਲਨ ਦਾ ਰੂਪ ਦੇਣਗੇ।

ਹਰਿਆਣਾ ਵਿੱਚ ਇਸ ਮੁਹਿੰਮ ਦਾ ਰਾਜ ਪੱਧਰੀ ਮੁੱਖ ਪ੍ਰੋਗਰਾਮ ਪਵਿੱਤਰ ਧਰਤੀ ਕੁਰੂਕਸ਼ੇਤਰ ਵਿਖੇ ਆਯੋਜਿਤ ਕੀਤਾ ਜਾਵੇਗਾ, ਜਿਸ ਵਿੱਚ ਹਰਿਆਣਾ ਦੇ ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼ ਮੁੱਖ ਮਹਿਮਾਨ ਵਜੋਂ ਮੌਜੂਦ ਰਹਿਣਗੇ। ਇਸ ਮੌਕੇ ਸੂਬੇ ਭਰ ਤੋਂ ਵੱਡੀ ਗਿਣਤੀ ਵਿੱਚ ਨੌਜਵਾਨ, ਵਿਦਿਆਰਥੀ, ਸਿੱਖਿਆ ਸੰਸਥਾਵਾਂ ਦੇ ਪ੍ਰਤੀਨਿਧੀ, ਸਵੈ-ਸੇਵੀ ਸੰਸਥਾਵਾਂ ਅਤੇ ਵੱਖ-ਵੱਖ ਸਮਾਜਿਕ ਸੰਸਥਾਵਾਂ ਸ਼ਿਰਕਤ ਕਰਨਗੀਆਂ।

ਵਰਨਣਯੋਗ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇਸ਼ ਭਰ ਦੇ ਲਗਭਗ 10,000 ਸਥਾਨਾਂ 'ਤੇ ਆਯੋਜਿਤ ਪ੍ਰੋਗਰਾਮਾਂ ਨਾਲ ਵਰਚੁਅਲ ਰਾਹੀਂ ਜੁੜਦਿਆਂ ਇੱਕ ਕਰੋੜ ਤੋਂ ਵੱਧ ਨੌਜਵਾਨਾਂ ਨੂੰ ਸੰਬੋਧਿਤ ਕਰਨਗੇ।

**ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਵਿੱਚ ਹੋਵੇਗੀ ਨੌਜਵਾਨਾਂ ਦੀ ਵੱਧ ਤੋਂ ਵੱਧ ਭਾਗੀਦਾਰੀ**

ਇਸ ਮੁਹਿੰਮ ਨੂੰ ਸਫ਼ਲ ਬਣਾਉਣ ਲਈ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦਾ ਵਿਸ਼ੇਸ਼ ਮਾਰਗਦਰਸ਼ਨ ਅਤੇ ਸਹਿਯੋਗ ਪ੍ਰਾਪਤ ਰਹੇਗਾ। ਮੁਹਿੰਮ ਦੀ ਪੂਰੀ ਮਿਆਦ ਦੌਰਾਨ ਸੂਬੇ ਦੇ ਨੌਜਵਾਨਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਯਕੀਨੀ ਬਣਾਉਣ ਲਈ ਰਾਜ ਸਰਕਾਰ ਵੱਡੇ ਪੱਧਰ 'ਤੇ ਯਤਨ ਕਰੇਗੀ। ਮੁੱਖ ਮੰਤਰੀ ਦੀ ਅਗਵਾਈ ਵਿੱਚ ਸੂਬੇ ਦੇ ਨੌਜਵਾਨ ਉਤਸ਼ਾਹ ਅਤੇ ਦ੍ਰਿੜ ਸੰਕਲਪ ਨਾਲ ਨਸ਼ਿਆਂ ਵਿਰੁੱਧ ਫ਼ੈਸਲਾਕੁੰਨ ਲੜਾਈ ਵਿੱਚ ਆਪਣੀ ਸਰਗਰਮ ਭਾਗੀਦਾਰੀ ਨਿਭਾਉਣਗੇ।

ਨਾਲ ਹੀ, ਮੁਹਿੰਮ ਨੂੰ ਸਫ਼ਲ ਬਣਾਉਣ ਵਿੱਚ ਸਿੱਖਿਆ ਮੰਤਰੀ ਸ੍ਰੀ ਮਹੀਪਾਲ ਢਾਂਡਾ ਦਾ ਵੀ ਅਹਿਮ ਸਹਿਯੋਗ ਰਹੇਗਾ। ਉੱਥੇ ਹੀ, ਰਾਜ ਮੰਤਰੀ ਸ੍ਰੀ ਗੌਰਵ ਗੌਤਮ ਦੀ ਅਗਵਾਈ ਹੇਠ ਯੁਵਾ ਸ਼ਕਤੀਕਰਨ ਅਤੇ ਖੇਡ ਵਿਭਾਗ ਇਸ ਮੁਹਿੰਮ ਦੀ ਨੋਡਲ ਏਜੰਸੀ ਵਜੋਂ ਕੰਮ ਕਰੇਗਾ। ਵਿਭਾਗ ਮੁਹਿੰਮ ਦੀ ਪੂਰੀ ਸਮੇਂ ਦੌਰਾਨ ਰਾਜ ਪੱਧਰ 'ਤੇ ਸਾਰੇ ਲੋੜੀਂਦੇ ਪ੍ਰਬੰਧਾਂ, ਵੱਖ-ਵੱਖ ਵਿਭਾਗਾਂ ਵਿੱਚ ਤਾਲਮੇਲ ਅਤੇ ਪ੍ਰਭਾਵੀ ਅਮਲ ਨੂੰ ਯਕੀਨੀ ਬਣਾਏਗਾ, ਤਾਂ ਜੋ ਮੁਹਿੰਮ ਆਪਣੇ ਨਿਰਧਾਰਤ ਟੀਚਿਆਂ ਨੂੰ ਸਫ਼ਲਤਾਪੂਰਵਕ ਪ੍ਰਾਪਤ ਕਰ ਸਕੇ।

**ਹਰਿਆਣਾ ਵਿੱਚ ਹਰ ਐਤਵਾਰ ਨਸ਼ਾਮੁਕਤੀ ਦਾ ਸੁਨੇਹਾ ਦੇਣਗੇ ਨੌਜਵਾਨ**



ਹਰਿਆਣਾ ਵਿੱਚ ਇਹ ਮੁਹਿੰਮ ਆਗਾਮੀ 100 ਹਫ਼ਤਿਆਂ ਤੱਕ ਹਰ ਐਤਵਾਰ ਨਿਰੰਤਰ ਰੂਪ ਵਿੱਚ ਚਲਾਈ ਜਾਵੇਗੀ। ਮੁਹਿੰਮ ਤਹਿਤ ਨੌਜਵਾਨਾਂ ਦੀ ਅਗਵਾਈ ਹੇਠ ਵੱਖ-ਵੱਖ ਜਨ-ਜਾਗਰੁਕਤਾ ਅਤੇ ਰਚਨਾਤਮਕ ਗਤੀਵਿਧੀਆਂ ਦਾ ਆਯੋਜਨ ਕੀਤਾ ਜਾਵੇਗਾ।

ਇਨ੍ਹਾਂ ਗਤੀਵਿਧੀਆਂ ਦਾ ਉਦੇਸ਼ ਨੌਜਵਾਨਾਂ ਵਿੱਚ ਸਿਹਤਮੰਦ ਜੀਵਨ ਸ਼ੈਲੀ ਨੂੰ ਹੱਲਾਸ਼ੇਰੀ ਦੇਣਾ, ਭਾਈਚਾਰਕ ਸ਼ਮੂਲੀਅਤ ਨੂੰ ਮਜ਼ਬੂਤ ਕਰਨਾ ਅਤੇ ਉਨ੍ਹਾਂ ਦੀ ਊਰਜਾ ਨੂੰ ਰਾਸ਼ਟਰ ਨਿਰਮਾਣ ਦੀ ਦਿਸ਼ਾ ਵਿੱਚ ਹਾਂਪੱਖੀ ਤੌਰ 'ਤੇ ਪ੍ਰੇਰਿਤ ਕਰਨਾ ਹੈ।

ਪ੍ਰਧਾਨ ਮੰਤਰੀ ਦੇ ਸੰਬੋਧਨ ਦਾ ਵੱਧ ਤੋਂ ਵੱਧ ਨੌਜਵਾਨਾਂ ਤੱਕ ਪ੍ਰਸਾਰਣ ਅਤੇ ਸਮੂਹਿਕ ਸਰਵਣ ਯਕੀਨੀ ਬਣਾਉਣ ਲਈ ਸੂਬੇ ਦੀਆਂ ਸਾਰੀਆਂ ਯੂਨੀਵਰਸਿਟੀਆਂ ਨੂੰ ਲੋੜੀਂਦੇ ਨਿਰਦੇਸ਼ ਜਾਰੀ ਕੀਤੇ ਹਨ। ਯੂਨੀਵਰਸਿਟੀਆਂ ਨਾਲ ਸਬੰਧਤ ਸਾਰੇ ਸਰਕਾਰੀ ਅਤੇ ਨਿੱਜੀ ਕਾਲਜਾਂ ਵਿੱਚ ਵੀ ਵਿਦਿਆਰਥੀਆਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਨਾਲ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ। ਇਸ ਤੋਂ ਇਲਾਵਾ ਸੂਬੇ ਦੇ ਸਕੂਲਾਂ, ਕਾਲਜਾਂ, ਯੁਵਾ ਕਲੱਬਾਂ, ਸਵੈ-ਸੇਵੀ ਸੰਸਥਾਵਾਂ ਅਤੇ ਹੋਰ ਸਮਾਜਿਕ ਸੰਸਥਾਵਾਂ ਦੀ ਸਰਗਰਮ ਭਾਗੀਦਾਰੀ ਨਾਲ ਇਸ ਮੁਹਿੰਮ ਨੂੰ ਪਿੰਡ-ਪਿੰਡ ਅਤੇ ਸ਼ਹਿਰ-ਸ਼ਹਿਰ ਤੱਕ ਪਹੁੰਚਾਇਆ ਜਾਵੇਗਾ ਤਾਂ ਜੋ ਹਰਿਆਣਾ ਵਿੱਚ ਨਸ਼ਿਆਂ ਵਿਰੁੱਧ ਵਿਆਪਕ ਜਨ-ਜਾਗਰਣ ਦਾ ਮਾਹੌਲ ਤਿਆਰ ਕੀਤਾ ਜਾ ਸਕੇ।

ਨਸ਼ਾਮੁਕਤ ਨੌਜਵਾਨ ਹੀ ਵਿਕਸਿਤ ਹਰਿਆਣਾ ਅਤੇ ਵਿਕਸਿਤ ਭਾਰਤ ਦੀ ਸਭ ਤੋਂ ਵੱਡੀ ਤਾਕਤ ਹਨ। ਸਿਹਤਮੰਦ, ਜਾਗਰੂਕ ਅਤੇ ਪ੍ਰਣਬੱਧ ਨੌਜਵਾਨ ਹੀ ਤਾਕਤਵਰ ਸਮਾਜ ਅਤੇ ਆਤਮ-ਨਿਰਭਰ ਰਾਸ਼ਟਰ ਦੀ ਨੀਂਹ ਹਨ। ਇਸ ਲਈ ਹਰ ਨੌਜਵਾਨ ਦਾ ਇਹ ਸੰਕਲਪ ਹੋਣਾ ਚਾਹੀਦਾ ਹੈ ਕਿ ਉਹ ਖ਼ੁਦ ਨਸ਼ਿਆਂ ਤੋਂ ਦੂਰ ਰਹੇਗਾ, ਦੂਜਿਆਂ ਨੂੰ ਵੀ ਇਸ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕਰੇਗਾ ਅਤੇ ਨਸਾਮੁਕਤ ਹਰਿਆਣਾ ਦੀ ਸਿਰਜਣਾ ਵਿੱਚ ਸਰਗਰਮ ਭੂਮਿਕਾ ਨਿਭਾਏਗਾ।

# ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸ਼ਹੀਦ ਊਧਮ ਸਿੰਘ ਜੀ ਦੇ ਸ਼ਹਾਦਤ ਦਿਵਸ 'ਤੇ ਕੀਤਾ ਨਮਨ

**ਚੰਡੀਗੜ੍ਹ, 31 ਜੁਲਾਈ**
**-ਸੰਜੀਵ ਸਿੰਗਲਾ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਮਹਾਨ ਸੁਤੰਤਰਤਾ ਸੈਨਾਨੀ ਅਤੇ ਅਦੁੱਤੀ ਸਾਹਸ ਦੇ ਪ੍ਰਤੀਕ ਸ਼ਹੀਦ ਊਧਮ ਸਿੰਘ ਜੀ ਦੇ ਸ਼ਹਾਦਤ ਦਿਵਸ 'ਤੇ ਉਨ੍ਹਾਂ ਨੂੰ ਭਾਵਭਿੰਨੀ ਸ਼ਰਧਾਂਜਲੀ ਅਰਪਿਤ ਕੀਤੀ ਅਤੇ ਨਮਨ ਕੀਤਾ।



ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਆਪਣੇ ਸਰਕਾਰੀ ਰਿਹਾਇਸ਼ ਇੱਥੇ ਸੰਤ ਕਬੀਰ ਕੁਟੀਰ ਵਿਖੇ ਸ਼ਹੀਦ ਊਧਮ ਸਿੰਘ ਜੀ ਦੇ ਚਿੱਤਰ 'ਤੇ ਫੁੱਲ ਅਰਪਿਤ ਕਰਕੇ ਉਨ੍ਹਾਂ ਨੂੰ ਯਾਦ ਕੀਤਾ।

ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਜੀ ਦਾ ਅਦੁੱਤੀ ਸਾਹਸ, ਅਟੁੱਟ ਦੇਸ਼ ਭਗਤੀ ਅਤੇ ਮਾਤ ਭੂਮੀ ਦੇ ਸਵੈਮਾਨ ਲਈ ਦਿੱਤਾ ਗਿਆ ਸਰਵਉੱਚ ਬਲਿਦਾਨ ਭਾਰਤੀ ਇਤਿਹਾਸ ਦੇ ਸੁਨਹਿਰੀ ਅੱਖ਼ਰਾਂ ਵਿੱਚ ਦਰਜ ਇੱਕ ਅਮਰ ਅਧਿਆਇ ਹੈ।


ਸ਼ਹੀਦ ਦੀ ਸ਼ਹਾਦਤ ਨੂੰ ਨਮਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ, ਰਾਸ਼ਟਰ ਉਨ੍ਹਾਂ ਦੀ ਬਹਾਦਰੀ, ਸਮਰਪਣ ਅਤੇ ਮਹਾਨ ਤਿਆਗ ਦਾ ਸਦਾ ਰਿਣੀ ਰਹੇਗਾ। ਜਲ੍ਹਿਆਂਵਾਲਾ ਬਾਗ ਕਾਂਡ ਦੇ ਇਨਸਾਫ਼ ਲਈ ਉਨ੍ਹਾਂ ਨੇ ਜਿਸ ਤਰ੍ਹਾਂ ਦਾ ਸੰਕਲਪ ਅਤੇ ਧੀਰਜ ਦਿਖਾਇਆ, ਉਹ ਅਤੁਲਨੀਯ ਹੈ। ਉਨ੍ਹਾਂ ਅੱਗੇ ਕਿਹਾ ਕਿ ਸ਼ਹੀਦ ਊਧਮ ਸਿੰਘ ਜੀ ਦਾ ਜੀਵਨ ਚਰਿੱਤਰ ਅਤੇ ਉਨ੍ਹਾਂ ਦੇ ਵਿਚਾਰ ਆਉਣ ਵਾਲੀਆਂ ਪੀੜ੍ਹੀਆਂ ਨੂੰ ਹਮੇਸ਼ਾ ਦੇਸ਼ ਭਗਤੀ, ਤਿਆਗ ਅਤੇ ਰਾਸ਼ਟਰ ਸੇਵਾ ਦੇ ਮਾਰਗ 'ਤੇ ਅੱਗੇ ਵਧਣ ਲਈ ਪ੍ਰੇਰਿਤ ਕਰਦੇ ਰਹਿਣਗੇ। ਮੁੱਖ ਮੰਤਰੀ ਨੇ ਕਿਹਾ ਕਿ ਸਾਨੂੰ ਅਜਿਹੇ ਮਹਾਨ ਕ੍ਰਾਂਤੀਕਾਰੀਆਂ ਦੇ ਆਦਰਸ਼ਾਂ ਨੂੰ ਆਪਣੇ ਜੀਵਨ ਵਿੱਚ ਢਾਲ ਕੇ ਦੇਸ਼ ਅਤੇ ਸੂਬੇ ਦੀ ਉੱਨਤੀ ਲਈ ਕਾਰਜ ਕਰਨਾ ਚਾਹੀਦਾ ਹੈ।

# ਨਕਲੀ ਦਵਾਈਆਂ ਖ਼ਿਲਾਫ਼ ਹਰਿਆਣਾ ਵਿੱਚ ਸਖ਼ਤ ਕਾਰਵਾਈ; ਰਾਜ ਦੀਆਂ 16 ਵਿੱਚੋਂ 12 ਗ੍ਰਿਫ਼ਤਾਰੀਆਂ ਗੁਰੂਗ੍ਰਾਮ ਐਫ਼.ਡੀ.ਏ. ਨੇ ਕਰਵਾਈਆਂ

**70 ਲੱਖ ਰੁਪਏ ਦੀਆਂ ਨਕਲੀ ਮੌਨਜਾਰੋ (Mounjaro) ਜ਼ਬਤ, ਅੰਤਰਰਾਜੀ ਡਰੱਗ ਸਿੰਡੀਕੇਟ ਦਾ ਪਰਦਾਫਾਸ਼, ਵੱਡੀ ਮੁਹਿੰਮ ਵਿੱਚ 23,000 ਨਕਲੀ ਕੈਪਸੂਲ ਬਰਾਮਦ**

**ਚੰਡੀਗੜ੍ਹ, 31 ਜੁਲਾਈ**
**-ਸੰਜੀਵ ਸਿੰਗਲਾ-**

ਨਕਲੀ ਦਵਾਈਆਂ ਖ਼ਿਲਾਫ਼ ਮੁਹਿੰਮ ਵਿੱਚ ਹਰਿਆਣਾ ਦੇਸ਼ ਦੇ ਸਭ ਤੋਂ ਵੱਧ ਸਰਗਰਮ ਰਾਜਾਂ ਵਿੱਚੋਂ ਇੱਕ ਬਣ ਕੇ ਉਭਰਿਆ ਹੈ। ਡਰੱਗਜ਼ ਐਂਡ ਕਾਸਮੈਟਿਕਸ ਐਕਟ, 1940 ਤਹਿਤ ਸਖ਼ਤ ਕਾਰਵਾਈ ਕਰਦਿਆਂ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ (ਐਫ਼.ਡੀ.ਏ.) ਹਰਿਆਣਾ ਨੇ ਨਕਲੀ ਦਵਾਈਆਂ ਦੇ ਮਾਮਲਿਆਂ ਵਿੱਚ ਕੁੱਲ 16 ਗ੍ਰਿਫ਼ਤਾਰੀਆਂ ਕੀਤੀਆਂ ਹਨ। ਇਨ੍ਹਾਂ ਵਿੱਚੋਂ ਸਭ ਤੋਂ ਵੱਧ 12 ਗ੍ਰਿਫ਼ਤਾਰੀਆਂ ਐਫ਼.ਡੀ.ਏ. ਗੁਰੂਗ੍ਰਾਮ ਦੀ ਟੀਮ ਨੇ ਕੀਤੀਆਂ ਹਨ, ਜਿਸ ਨੇ ਕਈ ਅੰਤਰਰਾਜੀ ਨਕਲੀ ਦਵਾਈ ਸਿੰਡੀਕੇਟਾਂ ਦਾ ਪਰਦਾਫਾਸ਼ ਕਰਦਿਆਂ ਲਗਭਗ 70 ਲੱਖ ਰੁਪਏ ਦੀਆਂ ਨਕਲੀ ਦਵਾਈਆਂ ਜ਼ਬਤ ਕੀਤੀਆਂ ਹਨ ਅਤੇ ਗ਼ੈਰ-ਕਾਨੂੰਨੀ ਅਦਾਰਿਆਂ ਵਿੱਚੋਂ 323 ਕਿਸਮ ਦੀਆਂ ਐਲੋਪੈਥਿਕ ਦਵਾਈਆਂ ਬਰਾਮਦ ਕੀਤੀਆਂ ਹਨ।



ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ ਦੇ ਨਿਰਦੇਸ਼ਾਂ 'ਤੇ ਇਹ ਸਖ਼ਤ ਲਾਗੂਕਰਨ ਮੁਹਿੰਮ ਚਲਾਈ ਗਈ ਹੈ, ਜਿਨ੍ਹਾਂ ਨੇ ਨਕਲੀ ਦਵਾਈਆਂ ਦੇ ਨਿਰਮਾਤਾਵਾਂ, ਵਿਤਰਕਾਂ ਅਤੇ ਵਿਕਰੇਤਾਵਾਂ ਖ਼ਿਲਾਫ਼ ਡਰੱਗਜ਼ ਐਂਡ ਕਾਸਮੈਟਿਕਸ ਐਕਟ, 1940 ਦੇ ਉਪਬੰਧਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਅਪੀਲ ਕੀਤੀ ਸੀ। ਇਸ ਤੋਂ ਬਾਅਦ, ਹਰਿਆਣਾ ਦੇ ਸੂਬਾ ਡਰੱਗ ਕੰਟਰੋਲਰ ਸ੍ਰੀ ਰਿਪਨ ਮਹਿਤਾ ਨੇ ਖੁਫ਼ੀਆ-ਆਧਾਰਿਤ ਨਿਗਰਾਨੀ, ਫੌਰੀ ਜਾਂਚ, ਡੂੰਘੀ ਸੈਂਪਲਿੰਗ, ਤਾਲਮੇਲ ਵਾਲੀਆਂ ਕਾਰਵਾਈਆਂ ਅਤੇ ਅਪਰਾਧੀਆਂ ਖ਼ਿਲਾਫ਼ ਫੌਰੀ ਕਾਨੂੰਨੀ ਕਾਰਵਾਈ ਰਾਹੀਂ ਐਕਟ ਦੀ ਸਖ਼ਤ ਪਾਲਣਾ ਯਕੀਨੀ ਬਣਾਉਣ ਲਈ ਸਾਰੇ ਖੇਤਰੀ ਅਧਿਕਾਰੀਆਂ ਨੂੰ ਵਿਸਥਾਰ ਨਿਰਦੇਸ਼ ਜਾਰੀ ਕੀਤੇ ਸਨ।

ਸਤੰਬਰ 2025 ਤੋਂ, ਡਰੱਗਸ ਕੰਟਰੋਲ ਅਫ਼ਸਰ ਅਮਨਦੀਪ ਚੌਹਾਣ ਦੀ ਅਗਵਾਈ ਹੇਠ ਐਫ਼.ਡੀ.ਏ. ਗੁਰੂਗ੍ਰਾਮ ਦੀ ਇਨਫੋਰਸਮੈਂਟ ਟੀਮ ਨੇ ਖੁਫ਼ੀਆ ਜਾਣਕਾਰੀਆਂ ਦੇ ਆਧਾਰ 'ਤੇ ਕੀਤੀ ਗਈ ਜਾਂਚ ਜ਼ਰੀਏ ਕਈ ਰਾਜਾਂ ਵਿੱਚ ਫੈਲੇ ਸੰਗਠਿਤ ਨਕਲੀ ਦਵਾਈ ਨੈਟਵਰਕ ਦਾ ਖੁਲਾਸਾ ਕੀਤਾ ਹੈ, ਜਿਸ ਨਾਲ ਗੁਰੂਗ੍ਰਾਮ ਨਕਲੀ ਦਵਾਈਆਂ ਖ਼ਿਲਾਫ਼ ਰਾਜ ਦੀ ਮੁੱਖ ਇਨਫੋਰਸਮੈਂਟ ਯੂਨਿਟਾਂ ਵਿੱਚੋਂ ਇੱਕ ਬਣ ਗਿਆ ਹੈ।

ਵਿਭਾਗ ਨੂੰ ਸਭ ਤੋਂ ਵੱਡੀਆਂ ਸਫ਼ਲਤਾਵਾਂ ਵਿੱਚੋਂ ਇੱਕ ਅਪ੍ਰੈਲ 2026 ਵਿੱਚ ਮਿਲੀ, ਜਦੋਂ ਐਫ਼.ਡੀ.ਏ. ਗੁਰੂਗ੍ਰਾਮ ਨੇ ਨਕਲੀ ਮੌਨਜਾਰੋ (Mounjaro) ਟ੍ਰੰਜੈਕਸ਼ਨ ਰੈਕੇਟ ਦਾ ਪਰਦਾਫਾਸ਼ ਕੀਤਾ।

ਗੁਪਤ ਸੂਚਨਾ ਦੇ ਆਧਾਰ 'ਤੇ ਕਾਰਵਾਈ ਕਰਦਿਆਂ, ਟੀਮਾਂ ਨੇ ਗੁਰੂਗ੍ਰਾਮ ਦੇ ਡੀ.ਐਲ.ਐਫ਼. ਫੇਜ਼-9੭ ਅਤੇ ਸੈਕਟਰ-69 ਵਿੱਚ ਛਾਪੇਮਾਰੀ ਕਰਕੇ ਕਰੀਬ 70 ਲੱਖ ਰੁਪਏ ਦੇ ਨਕਲੀ ਮੌਨਜਾਰੋ ਇੰਜੈਕਸ਼ਨ ਜ਼ਬਤ ਕੀਤੇ। ਇਸ ਕਾਰਵਾਈ ਵਿੱਚ ਅਵੀ ਸ਼ਰਮਾ ਅਤੇ ਮੁਜੰਮਿਲ ਖਾਨ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜੋ ਜ਼ਮਾਨਤ ਪਟੀਸ਼ਨ ਖਾਰਜ ਹੋਣ ਤੋਂ ਬਾਅਦ ਨਿਆਂਇਕ ਹਿਰਾਸਤ ਵਿੱਚ ਹਨ। ਮੌਨਜਾਰੋ ਇੰਜੈਕਸ਼ਨ ਦੀ ਵਰਤੋਂ ਡਾਇਬੀਟੀਜ਼ ਅਤੇ ਭਾਰ ਘਟਾਉਣ ਲਈ ਕੀਤੀ ਜਾਂਦੀ ਹੈ।

ਜੁਲਾਈ 2026 ਵਿੱਚ ਇੱਕ ਹੋਰ ਮਹੱਤਵਪੂਰਨ ਮੁਹਿੰਮ ਤਹਿਤ ਵਿਭਾਗ ਨੇ ਨਕਲੀ ਟੈਲਮਾ-ਏ.ਐੱਮ. (Telma-AM) ਗੋਲੀਆਂ ਦਾ ਕਾਰੋਬਾਰ ਕਰਨ ਵਾਲੇ ਇੱਕ ਅੰਤਰਰਾਜੀ ਨੈੱਟਵਰਕ ਨੂੰ ਤਹਿਸ-ਨਹਿਸ ਕਰ ਦਿੱਤਾ। ਜਾਂਚ ਦੌਰਾਨ ਸਪਲਾਈ ਲੜੀ ਦਾ ਸੁਰਾਗ ਦਿੱਲੀ ਦੇ ਇੱਕ ਬਿਨਾਂ ਲਾਇਸੈਂਸ ਵਾਲੇ ਥੋਕ ਅਦਾਰੇ ਤੱਕ ਪਹੁੰਚਿਆ। ਜਾਂਚ ਦੌਰਾਨ ਦੋਸ਼ੀ ਸੁਵ੍ਰਤ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਸ ਦੀ ਨਿਸ਼ਾਨਦੇਹੀ 'ਤੇ ਉੱਤਰ ਪ੍ਰਦੇਸ਼ ਦੇ ਮੁਰਾਦਾਬਾਦ ਤੋਂ ਜ਼ੁਬੈਰ ਨੂੰ ਗ੍ਰਿਫ਼ਤਾਰ ਕੀਤਾ ਗਿਆ। ਅੱਗੇ ਦੀ ਜਾਂਚ ਵਿੱਚ ਭਾਰਤ ਦੀ ਇੱਕ ਪ੍ਰਸਿੱਧ ਫਾਰਮਾਸਿਊਟੀਕਲ ਕੰਪਨੀ ਦੇ ਇੱਕ ਹੋਰ ਨਕਲੀ/ਮਿਲਾਵਟੀ ਉਤਪਾਦ 'ਤੋਫਾਜਕ 5 ਐਮ.ਜੀ.' (Tofajak E mg) ਦਾ ਖੁਲਾਸਾ ਹੋਇਆ।

ਐਫ਼.ਡੀ.ਏ. ਹਰਿਆਣਾ ਅਤੇ ਐਫ਼.ਡੀ.ਏ. ਦਿੱਲੀ ਵੱਲੋਂ ਚਲਾਏ ਗਏ ਇੱਕ ਸਾਂਝੀ ਮੁਹਿੰਮ ਦੌਰਾਨ, ਅਧਿਕਾਰੀਆਂ ਨੇ ਦਿੱਲੀ ਵਿੱਚ ਇੱਕ ਬਿਨਾਂ ਲਾਇਸੈਂਸ ਵਾਲੇ ਰਿਹਾਇਸ਼ੀ ਅਦਾਰੇ ਤੋਂ ਸ਼ੱਕੀ ਤੌਰ 'ਤੇ ਨਕਲੀ ਐਨਾਬੋਲਿਕ ਸਟੀਰੌਇਡ ਤਿਆਰੀਆਂ ਦੀ ਇੱਕ ਵੱਡੀ ਮਾਤਰਾ ਸਮੇਤ 323 ਕਿਸਮ ਦੀਆਂ ਐਲੋਪੈਥਿਕ ਦਵਾਈਆਂ ਬਰਾਮਦ ਕੀਤੀਆਂ। ਇਹ ਸਟੀਰੌਇਡ ਜਿੰਮ ਵਿੱਚ ਨੌਜਵਾਨਾਂ ਨੂੰ ਵੇਚੇ ਜਾਂਦੇ ਸਨ। ਇਹ ਮੁਹਿੰਮ ਦੇਰ ਰਾਤ 2:10 ਵਜੇ ਤੱਕ ਜਾਰੀ ਰਹੀ, ਜੋ ਗ਼ੈਰ-ਕਾਨੂੰਨੀ ਫਾਰਮਾਸਿਊਟੀਕਲ ਸਪਲਾਈ ਲੜੀਆਂ ਨੂੰ ਤਹਿਸ-ਨਹਿਸ ਕਰਨ ਦੇ ਵਿਭਾਗ ਦੇ ਲਗਾਤਾਰ ਯਤਨਾਂ ਨੂੰ ਦਰਸਾਉਂਦੀ ਹੈ। ਇਸ ਮਾਮਲੇ ਵਿੱਚ ਜਾਂਚ ਜਾਰੀ ਹੈ, ਜਿਸ ਨਾਲ ਗ਼ੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਹੋਰ ਲੋਕਾਂ ਦੇ ਗਠਜੋੜ ਦਾ ਪਰਦਾਫਾਸ਼ ਹੋ ਸਕਦਾ ਹੈ।

ਵਿਭਾਗ ਨੇ ਹੈਡ ਆਨ (ਸੋਮਾਟ੍ਰੋਪਿਨ) [Head On (Somatropin)] ਇੰਜੈਕਸ਼ਨ ਮਾਮਲੇ ਵਿੱਚ ਵੀ ਕਾਫ਼ੀ ਪ੍ਰਗਤੀ ਕੀਤੀ ਹੈ। ਦੋਸ਼ੀ ਹਰੀਓਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਜਦੋਂ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 20 ਜੁਲਾਈ, 2026 ਨੂੰ ਭਗੌੜੇ ਦੋਸ਼ੀ ਜਤਿਨ ਖੰਨਾ ਦੀ ਅਗਾਊਂ ਜ਼ਮਾਨਤ ਪਟੀਸ਼ਨ ਖਾਰਜ ਕਰ ਦਿੱਤੀ ਸੀ। ਫ਼ਰਾਰ ਦੋਸ਼ੀ ਦਾ ਪਤਾ ਲਗਾਉਣ ਅਤੇ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਅੱਗੇ ਦੀ ਜਾਂਚ ਜਾਰੀ ਹੈ।

ਵਿਭਾਗ ਦੀ ਮਜ਼ਬੂਤ ਨਿਗਰਾਨੀ ਪ੍ਰਣਾਲੀ ਦੇ ਵੀ ਸਕਾਰਾਤਮਕ ਨਤੀਜੇ ਸਾਹਮਣੇ ਆਏ ਹਨ। ਅਪ੍ਰੈਲ 2026 ਤੋਂ, ਸਰਕਾਰੀ ਵਿਸ਼ਲੇਸ਼ਕ (Government Analyst) ਨੇ ਚਾਰ ਹੋਰ ਦਵਾਈਆਂ ਦੇ ਨਮੂਨਿਆਂ ਨੂੰ ਨਕਲੀ ਘੋਸ਼ਿਤ ਕੀਤਾ ਹੈ, ਜਿਸ ਦੇ ਆਧਾਰ 'ਤੇ ਡਰੱਗਜ਼ ਐਂਡ ਕਾਸਮੈਟਿਕਸ ਐਕਟ, 1940 ਤਹਿਤ ਅਪਰਾਧਿਕ ਕਾਰਵਾਈ ਸ਼ੁਰੂ ਕੀਤੀ ਗਈ ਹੈ।

**ਸੁਪਰੀਮ ਕੋਰਟ ਦਾ ਸਮਾਧਾਨ ਸਮਾਰੋਹ 21 ਤੋਂ 23 ਅਗਸਤ ਤੱਕ**

# ਵਿਭਾਗ ਇੱਕ ਹਫ਼ਤੇ ਦੇ ਅੰਦਰ ਸਮਝੌਤਾ ਯੋਗ ਮਾਮਲਿਆਂ ਦੀ ਪਛਾਣ ਕਰਨ : ਮੁੱਖ ਸਕੱਤਰ



**ਚੰਡੀਗੜ੍ਹ, 31 ਜੁਲਾਈ**
**-ਮਨੋਜ ਵਰਮਾ-**

ਹਰਿਆਣਾ ਸਰਕਾਰ ਨੇ ਸੁਪਰੀਮ ਕੋਰਅ ਵੱਲੋਂ ਆਯੋਜਿਤ ਕੀਤੇ ਜਾਣ ਵਾਲੇ 'ਸਮਾਧਾਨ ਸਮਾਰੋਹ-2026' ਦੀਆਂ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਨੇ ਸਾਰੇ ਪ੍ਰਸ਼ਾਸਕੀ ਸਕੱਤਰਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਆਗਾਮੀ 21 ਤੋਂ 23 ਅਗਸਤ ਤੱਕ ਆਯੋਜਿਤ ਹੋਣ ਵਾਲੀ ਰਾਸ਼ਟਰਵਿਆਪੀ ਵਿਸ਼ੇਸ਼ ਲੋਕ ਅਦਾਲਤ ਲਈ ਸਮਝੌਤੇ ਜਾਂ ਮੇਡੀਏਸ਼ਨ ਰਾਹੀਂ ਨਿਪਟਾਏ ਜਾ ਸਕਣ ਵਾਲੇ ਮਾਮਲਿਆਂ ਦੀ ਛੇਤੀ ਪਛਾਣ ਯਕੀਨੀ ਬਣਾਉਣ।

ਮੁੱਖ ਸਕੱਤਰ ਵੱਲੋਂ ਸਾਰੇ ਪ੍ਰਸ਼ਾਸਕੀ ਸਕੱਤਰਾਂ ਨੂੰ ਜਾਰੀ ਪੱਤਰ ਵਿੱਚ ਕਿਹਾ ਗਿਆ ਹੈ ਕਿ ਇਸ ਮਹੱਤਵਪੂਰਨ ਰਾਸ਼ਟਰੀ ਪਹਿਲਕਦਮੀ ਦੀ ਸਫਲਤਾ ਲਈ ਸਾਰੇ ਵਿਭਾਗ ਸਰਗਰਮ, ਤਾਲਮੇਲ ਵਾਲੀ ਅਤੇ ਹਾਂਪੱਖੀ ਭੂਮਿਕਾ ਨਿਭਾਉਣ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਉਦੇਸ਼ ਮੈਡੀਏਸ਼ਨ ਨੂੰ ਹੱਲਾਸ਼ੇਰੀ ਦੇਣਾ, ਬੇਲੋੜੇ ਨਿਆਂਇਕ ਮੁਕੱਦਮਿਆਂ ਵਿੱਚ ਕਮੀ ਲਿਆਉਣਾ ਅਤੇ ਸਾਲਾਂ ਤੋਂ ਪੈਂਡਿੰਗ ਮਾਮਲਿਆਂ ਦਾ ਛੇਤੀ, ਸੁਹਿਰਦ ਅਤੇ ਸਹਿਮਤੀ ਦੇ ਆਧਾਰ 'ਤੇ ਨਿਪਟਾਰਾ ਯਕੀਨੀ ਬਣਾਉਣਾ ਹੈ।

ਉਨ੍ਹਾਂ ਨਿਰਦੇਸ਼ ਦਿੱਤੇ ਕਿ ਸਾਰੇ ਵਿਭਾਗ ਇੱਕ ਹਫ਼ਤੇ ਦੇ ਅੰਦਰ ਅਜਿਹੇ ਮਾਮਲਿਆਂ ਦੀ ਪਛਾਣ ਕਰ ਲੈਣ, ਜਿਨ੍ਹਾਂ ਦਾ ਹੱਲ ਆਪਸੀ ਸਹਿਮਤੀ ਨਾਲ ਵਿਸ਼ੇਸ਼ ਲੋਕ ਅਦਾਲਤ ਰਾਹੀਂ ਕੀਤਾ ਜਾ ਸਕਦਾ ਹੈ। ਵਿਭਾਗ ਮੈਡੀਏਸ਼ਨ ਲਈ ਢੁਕਵੇਂ ਮਾਮਲਿਆਂ ਦੀ ਪਛਾਣ ਕਰਕੇ ਉਨ੍ਹਾਂ ਦੇ ਪ੍ਰਭਾਵੀ ਨਿਪਟਾਰੇ ਲਈ ਹਰਿਆਣਾ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਸਬੰਧਤ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀਆਂ ਨਾਲ ਤਾਲਮੇਲ ਕਾਇਮ ਕਰਨ।

ਇਸ ਸਬੰਧ ਵਿੱਚ 3 ਅਗਸਤ ਨੂੰ ਹੋਣ ਵਾਲੀ ਸਮੀਖਿਆ ਮੀਟਿੰਗ ਵਿੱਚ ਸਾਰੇ ਪ੍ਰਸ਼ਾਸਕੀ ਸਕੱਤਰਾਂ ਦੀ ਨਿੱਜੀ ਹਾਜ਼ਰੀ ਲਾਜ਼ਮੀ ਰਹੇਗੀ, ਜਿਸ ਵਿੱਚ ਵਿਭਾਗਵਾਰ ਤਰੱਕੀ ਦੀ ਸਮੀਖਿਆ ਕੀਤੀ ਜਾਵੇਗੀ। ਮੁੱਖ ਸਕੱਤਰ ਨੇ ਕਿਹਾ ਕਿ ਇਹ ਪਹਿਲਕਦਮੀ ਸੁਪਰੀਮ ਕੋਰਟ ਵੱਲੋਂ ਦੇਸ਼ ਭਰ ਵਿੱਚ ਵਿਸ਼ੇਸ਼ ਲੋਕ ਅਦਾਲਤਾਂ ਰਾਹੀਂ ਸਹਿਮਤੀ ਅਧਾਰਿਤ ਵਿਵਾਦ ਨਿਪਟਾਰੇ ਨੂੰ ਪ੍ਰੋਤਸਾਹਿਤ ਕਰਨ ਲਈ ਸ਼ੁਰੂ ਕੀਤੀ ਗਈ ਵਿਆਪਕ ਰਾਸ਼ਟਰੀ ਮੁਹਿੰਮ ਦਾ ਹਿੱਸਾ ਹੈ। ਸ੍ਰੀ ਅਨੁਰਾਗ ਰਸਤੋਗੀ ਨੇ ਕਿਹਾ ਕਿ ਵਿਭਾਗਾਂ ਦੀ ਸਰਗਰਮ ਭਾਗੀਦਾਰੀ ਅਤੇ ਸਮੇਂ ਸਿਰ ਤਾਲਮੇਲ ਨਾਲ ਨਾ ਸਿਰਫ਼ ਅਦਾਲਤਾਂ ਵਿੱਚ ਪੈਂਡਿੰਗ ਮਾਮਲਿਆਂ ਦਾ ਬੋਝ ਘੱਟ ਹੋਵੇਗਾ, ਸਗੋਂ ਪ੍ਰਸ਼ਾਸਕੀ ਕਾਰਜਕੁਸ਼ਲਤਾ ਵਿੱਚ ਵੀ ਵਾਧਾ ਹੋਵੇਗਾ ਅਤੇ ਲੰਬੇ ਸਮੇਂ ਤੋਂ ਇਨਸਾਫ਼ ਦੀ ਉਡੀਕ ਕਰ ਰਹੇ ਨਾਗਰਿਕਾਂ ਨੂੰ ਤੁਰੰਤ ਰਾਹਤ ਮਿਲ ਸਕੇਗੀ।

# ਅਵਾਰਾ ਪਸ਼ੂਆਂ ਕਾਰਨ ਹਾਦਸਿਆਂ ਵਿੱਚ ਮੁਆਵਜ਼ੇ ਲਈ ਵਿਧੀ ਤਿਆਰ ਕਰੋ: ਸੁਪਰੀਮ ਕੋਰਟ ਦਾ ਕੇਂਦਰ ਅਤੇ ਸੂਬਿਆਂ ਨੂੰ ਹੁਕਮ

**ਨਵੀਂ ਦਿੱਲੀ, 31 ਜੁਲਾਈ**
**-ਚੌਧਰੀ ਪ੍ਰਭਜੀਤ ਸਿੰਘ-**

ਸੜਕਾਂ 'ਤੇ ਅਵਾਰਾ ਪਸ਼ੂਆਂ ਕਾਰਨ ਹੋਣ ਵਾਲੇ ਹਾਦਸਿਆਂ ਦਾ ਨੋਟਿਸ ਲੈਂਦਿਆਂ, ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਅਜਿਹੇ ਹਾਦਸਿਆਂ ਵਿੱਚ ਮੁਆਵਜ਼ੇ ਦੀ ਅਦਾਇਗੀ ਲਈ ਇੱਕ ਵਿਧੀ ਤਿਆਰ ਕਰਨ।

ਜਸਟਿਸ ਸੰਜੇ ਕਰੋਲ ਅਤੇ ਜਸਟਿਸ ਐੱਨ. ਕੋਟੀਸ਼ਵਰ ਸਿੰਘ ਦੀ ਬੈਂਚ ਨੇ ਕਈ ਦਿਸ਼ਾ-ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਇਨ੍ਹਾਂ ਪਸ਼ੂਆਂ ਦੇ ਮਾਲਕਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ ਅਤੇ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਉਹ ਹਰ ਦਿਨ ਦੇ ਅੰਤ ਵਿੱਚ ਆਪਣੇ ਨਿਰਧਾਰਤ ਟਿਕਾਣਿਆਂ 'ਤੇ ਵਾਪਸ ਪਰਤਣ।

ਬੈਂਚ ਨੇ ਕਿਹਾ, ਜਿਹੜੇ ਸੂਬਿਆਂ ਨੇ ਪਸ਼ੂਆਂ ਨਾਲ ਸਬੰਧਤ ਆਪਣੇ ਖ਼ੁਦ ਦੇ ਕਾਨੂੰਨ ਬਣਾਏ ਹਨ, ਉਨ੍ਹਾਂ ਨੂੰ ਅੱਖਰ ਅਤੇ ਭਾਵਨਾ ਵਿੱਚ ਉਨ੍ਹਾਂ ਦੀ ਪੂਰੀ ਅਤੇ ਤੁਰੰਤ ਲਾਗੂ ਨੂੰ ਯਕੀਨੀ ਬਣਾਉਣ ਲਈ ਕਦਮ ਚੁੱਕਣੇ ਚਾਹੀਦੇ ਹਨ। ਸਮਰੱਥ ਅਥਾਰਟੀ ਵੱਲੋਂ ਉਚਿਤ ਸਮਝੇ ਜਾਣ ਅਨੁਸਾਰ ਜ਼ਰੂਰੀ ਸੋਧਾਂ ਕੀਤੀਆਂ ਜਾ ਸਕਦੀਆਂ ਹਨ ਜਾਂ ਨਿਯਮ ਬਣਾਏ ਜਾ ਸਕਦੇ ਹਨ, ਤਾਂ ਜੋ ਪੈਦਲ ਯਾਤਰੀਆਂ ਜਾਂ ਵਾਹਨਾਂ ਦੋਵਾਂ ਸ਼੍ਰੇਣੀਆਂ ਦੇ ਮਾਮਲਿਆਂ ਵਿੱਚ, ਗਊਆਂ/ਪਸ਼ੂਆਂ ਦੇ ਨਤੀਜੇ ਵਜੋਂ ਹੋਣ ਵਾਲੇ ਹਾਦਸਿਆਂ ਵਿੱਚ ਮੁਆਵਜ਼ੇ ਦੀ ਅਦਾਇਗੀ ਲਈ ਇੱਕ ਵਿਧੀ ਵਿਕਸਤ ਕੀਤੀ ਜਾ ਸਕੇ।



**ਪਸ਼ੂਆਂ ਦੀ ਟੈਗਿੰਗ ਅਤੇ ਸ਼ੈਲਟਰਾਂ ਵਿੱਚ ਤਬਦੀਲੀ**

ਸਿਖਰਲੀ ਅਦਾਲਤ ਨੇ ਨਿਰਦੇਸ਼ ਦਿੱਤਾ ਕਿ ਸਾਰੇ ਪਸ਼ੂਆਂ ਦੀ ਟੈਗਿੰਗ ਨੂੰ ਲਾਜ਼ਮੀ ਬਣਾਇਆ ਜਾਵੇ, ਜਿਸ ਨਾਲ ਉਨ੍ਹਾਂ 'ਤੇ ਨਜ਼ਰ ਰੱਖਣ, ਉਨ੍ਹਾਂ ਦੀ ਲੰਬੇ ਸਮੇਂ ਦੀ ਸਿਹਤ ਸੇਵਾ ਨੂੰ ਯਕੀਨੀ ਬਣਾਉਣ ਅਤੇ ਵੈਟਨਰੀ ਚੈੱਕ-ਅੱਪ ਤੇ ਟੀਕਾਕਰਨ ਨਾਲ ਜੋੜਨ ਵਿੱਚ ਮਦਦ ਮਿਲਦੀ ਹੈ। ਬੈਂਚ ਨੇ ਕਿਹਾ, ਆਰਥਿਕ ਤੌਰ 'ਤੇ ਉਪਯੋਗੀ ਉਦੇਸ਼ ਪੂਰਾ ਕਰਨ ਤੋਂ ਬਾਅਦ ਜਾਨਵਰਾਂ ਨੂੰ ਛੱਡ ਦਿੱਤੇ ਜਾਣ ਦੀ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਅਜਿਹਾ ਫ਼ੈਸਲਾ ਕਰਨ ਵਾਲੇ ਮਾਲਕਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ ਅਤੇ ਅਜਿਹੇ ਜਾਨਵਰਾਂ ਨੂੰ ਉਚਿਤ ਅਥਾਰਟੀ ਰਾਹੀਂ ਚਲਾਏ ਜਾਂਦੇ ਸ਼ੈਲਟਰਾਂ ਵਿੱਚ ਸੁਰੱਖਿਅਤ ਤਬਦੀਲੀ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

ਅਜਿਹੇ ਸ਼ੈਲਟਰਾਂ ਦੇ ਅਧਿਕਾਰੀਆਂ ਨੂੰ ਅਜਿਹੀ ਤਬਦੀਲੀ ਨੂੰ ਸਵੀਕਾਰ ਕਰਦਿਆਂ ਇੱਕ ਰਸੀਦ ਜਾਰੀ ਕਰਨੀ ਚਾਹੀਦੀ ਹੈ ਅਤੇ ਅਜਿਹੇ ਜਾਨਵਰਾਂ ਦੇ ਵੇਰਵਿਆਂ ਨੂੰ ਟੈਗਿੰਗ ਦੇ ਡਾਟਾਬੇਸ ਵਿੱਚ ਦਰਜ/ਬਦਲਣਾ ਚਾਹੀਦਾ ਹੈ, ਬੈਂਚ ਨੇ ਅੱਗੇ ਕਿਹਾ।

ਅਦਾਲਤ ਨੇ ਕਿਹਾ ਕਿ ਇਹ ਯਕੀਨੀ ਬਣਾਉਣ ਲਈ ਕਿ ਟੈਗਿੰਗ, ਰਿਕਾਰਡਾਂ ਦਾ ਡਿਜੀਟਾਈਜ਼ੇਸ਼ਨ ਅਤੇ ਇਨ੍ਹਾਂ ਸ਼ੈਲਟਰਾਂ ਦਾ ਸੁਚਾਰੂ ਸੰਚਾਲਨ ਸਹੀ ਢੰਗ ਨਾਲ ਕੀਤਾ ਜਾਵੇ, ਅਧਿਕਾਰੀ ਹਰ ਕਾਰਪੋਰੇਸ਼ਨ/ਵਿਭਾਗ ਵਿੱਚ ਇੱਕ ਖਾਸ ਅਧਿਕਾਰੀ ਨੂੰ ਨੋਡਲ ਅਧਿਕਾਰੀ ਵਜੋਂ ਤਾਇਨਾਤ ਕਰ ਸਕਦੇ ਹਨ।

Designer & Customized
WEDDING
CARDS & BOXES
Shagun Envelopes & Saha Chithi
More Than 500 Designs
of Wedding Cards & Boxes
More info Call us or Whatsapp:
+91-988881 88887, 988882 88887
weddingsea@gmail.com
seadesigncompany
SEA DESIGN COMPANY



HOTEL SEA
SHAHEED-E-AZAM
24x7 SERVICES
AC ROOMS
RESTAURANT
BREAKFAST, LUNCH , DINNER
CONTACT
9988844709, 0175-5014275
SCO-4, Chowk Dukhniwaran Sahib,
Sirhind Road, Patiala (Pb.) INDIA
Super Delicious
Menue